ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕ ਦੇਹੁ ਉਜੀਆਰਾ ॥
ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥ ੨ ।
ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿਗ ਪਾਨੀ ॥
ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥ ੩ ॥

It is an anthology of hymns drawn from almost all rāgās mentioned in the Adi Granth. A table of contents has been given in the beginning of this manuscript.

S. No. 110

## S.H.R. : 1587

*Title :* Gūrbāni Pothi

*Size :* 12 × 8 C.M. *No. of Folios :* 140

*Lines per Page :* 6 *Letters per Line :* 12

*Condition :* Old, written in beautiful hand-writing, Ist part in marginal lines and II part without margin. Complete.

*Beginning* .–

੧ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ।
ਆਦਿ ਸਚੁ ਜੁਗਾਦਿ ਸਚੁ । ਹੈਭੀ ਸਚੁ । ਨਾਨਕ ਹੋਸੀ ਭੀ ਸਚੁ । ੧ ।

*End* :–

ਲਿਵਲੀਨ ਭਏ ਆਤਮ ਮਧ ਐਸੇ ।
ਜਿਉ ਜਲ ਜਲਹਿ ਭੇਦ ਕਹੁ ਕੈਸੇ ।
ਵਾਸਦੇਵ ਬਿਨ ਅਵਰ ਨ ਕੋਊ ।
ਨਾਨਕ ਓਅੰ ਸੋਹੰ ਆਤਮ ਸੋਊ । ੭ । ਯਾ ਰਾ ਲਾ ਵਾ ੜਾ ॥
ਮਹਲ ਦਸਵੇਂ ਨਾਲ ਦੁਰਗਾ ਮੰਤ੍ਰ ਰਲਾਇ ਲਿਖਿਆ ।
ਓਅੰ ਸ੍ਰਅੰ ਹ੍ਰੀਅੰ ਕ੍ਲੀਅੰ ਸੁੰਦ੍ਰੀ ਬਾਲਾ ਯਨਮ :



Sri Satguru Jagjit Singh Ji eLibrary NamdhariElibrary@gmail.com

This contains the following works :-

| | | | | |
|---|---|---|---|---|
| 1. | Jap Ji | folios | 1–33 | (Gūrū Nānak) |
| 2. | Shabad Hazāre | ,, | 34–46 | (Adi Granth) |
| 3. | Jāp Sāhib | ,, | 1–47 | (Gūrū Gobind Singh) |
| 4. | Shabads | ,, | 48–58 | (Gūrū Gobind Singh) |
| 5. | Bhagautī Chhand | ,, | 1–27 | (Gūrū Gobind Singh) |
| 6. | Hymns | ,, | 28–32 | (Adi Granth) |
| 7. | Paintis Akhari | ,, | 32–36 | (Attributed to Gūrū Nānak) |

S. No. 111

## S.H.R. : 1447

*Title :* Gūrbāni dī Pothi

*Size :* 15 × 13 C.M. *No. of Folios :* 76

*Lines per Page :* 10 *Letters per Line :* 25

*Condition :* Very old, pages at places worm-eaten written in good hand without any margin. Incomplete.

*Beginning :–*

ਮੈ ਰੋਵੰਦੀ ਸਭੁ ਜਗੁ ਰੁੰਨਾ ਰੁੰਨੜੇ ਵਣਹੁ ਪੰਖੇਰੂ ।
ਇਕੁ ਨ ਰੁੰਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥

*End :–*

ਹਉ ਹਉ ਕਰਤ ਨ ਤ੍ਰਿਸਨ ਬੁਝੈ ਨਹ ਕਾਮ ਪੂਰਨ ਗਿਆਨੇ ।
ਬਿਨਵੰਤਿ ਨਾਨਕ ਬਿਨੁ ਨਾਮ ਹਰਿ ਕੇ ਕੇਤਿਆ ਪਛੁਤਾਨੇ । ੩ ॥
ਧਾਰਿ ਅਨੁਗ੍ਰਹੋ ਅਪਨਾ ਕਰਿ ਲੀਨਾ ਰਾਮ ।
ਭੁਜਾ ਗਹਿ ਕਾਢਿ ਲੀਓ ਸਾਧੂ ਸੰਗੁ ਦੀਨਾ ਰਾਮ ॥

It contains hymns from the Adi Granth.

S. No. 112

## S.H.R. : 2260

*Title :* Gūrbāni Sangreh

*Size :* 20 × 15 C.M. *No. of Folios :* 433

*Lines per Page :* 13 *Letters per Line :* 16

*Condition :* Old, pages at places worm-eaten written in running hand within marginal lines. Complete.

*Beginning :–*

੧ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਆਕਾਲ ਮੂਰਤਿ ਆਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ।
ਆਦਿ ਸਚੁ ਜਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।



Sri Satguru Jagjit Singh Ji eLibrary NamdhariElibrary@gmail.com

*End :–*

ਧਨਾਸਰੀ ਮਹਲਾ ੯ ।
ਕਾਹੇ ਰੇ ਬਨਿ ਖੋਜਨਿ ਜਾਈ ।
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ । ੧ । ਰਹਾਉ ।
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ।
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ । ੧ ।
ਬਾਹਰਿ ਭੀਤਰਿ ਏਕੋ ਜਾਨਹੁ ਇਹ ਗੁਰ ਗਿਆਨੁ ਬਤਾਈ।
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥ ੨ ॥

This is an anthology of hymns from the Adi Granth and the Dasam Granth.

S- No. 113

## S.H.R. : 2242

*Title :* Gūtkā Dasvin Patshāhi ki Bāni

*Author :* Guru Gobind Singh *Size :* 7 × 5 C.M.

*No. of Folios :* 152 *Lines per Page :* 5 *Letters per Line :* 8

*Condition :* Old, folios worm-eaten at the ends, written in good handwriting within marginal lines. Incomplete.

*Beginning :–*

.... ... ... ... ... ਭੂਲ ਨ ਮਾਨੈ ।
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ।
ਪੂਰਨਿ ਜੋਤ ਜਗੈ ਘਟ ਮੈ ਤਬ ਖਾਲਿਸ ਤਾਹਿ ਨਖਾਲਸ ਜਾਨੈ ।

*End :–*

ਅੜਿਲ

ਤਬੈ ਰਾਇ ਗ੍ਰਿਹ ਆਇ ਸੁ ਪੂਣ ਐਸੋ ਕਿਯੋ।
ਭਲੇ ਜਤਨ ਸੌ ਰਾਖਿ ਧਰਮ ਅਬ ਮੈ ਲਿਯੋ।
ਦੇਸ ਦੇਸ ਨਿਜ ਪ੍ਰਭ ਕੀ ਪ੍ਰਭਾ ਬਿਖੈ ਰਿਹੌ।
ਹੋ ਆਨ ਤ੍ਰਿਯਾ ਕਹਿ ਬਹੁਰਿ ਨ ਕਬਹੂ ਹੇਰਿਹੌ। ੪੯ ।

ਦੋਹਰਾ

ਵਹੈ ਪ੍ਰਤਗਿਯਾ ਤਾਂ ਦਿਨ ਤੇਂ ਬਿਯਾਪਤ ਮੋ ਹਿਯ ਮਾਹਿ।
ਤਾ ਦਿਨ ਤੇ ਪਰ ਨਾਰਿ ਕੋ ਹੇਰਤ ਕਬਹੁੰ ਨਹਿ। ੫੦

ਇਤਿ ਸ੍ਰੀ ਚਰਿਤ੍ਰ ਪਖਿਯਾਨੇ ਤ੍ਰਿਯਾ ਪੁਰਖ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਦੇ ਖੋੜਸਮੋਂ ਚਰਿਤ੍ਰ ਸਮਾਪਤ ਮਸਤੁ ਸੁਭ ਮਸਤੁ । ੧ । ਅਫਜੂ ।

This is the anthology of hymns from the Dasam Granth. Its first page is missing.



Sri Satguru Jagjit Singh Ji eLibrary NamdhariElibrary@gmail.com

S. No. 114

## S.H.R. : 1582

*Title :* Gutkā Gurbāni

*Size :* 11 × 8 C.M.
*No. of Folios :* 276
*Lines per Page :* 6
*Letters per Line :* 14
*Condition :* Old, written in good hand within red margin, headings given in red. Folios worn out at the ends. Incomplete.

*Beginning :—*

ਪੰਚ ਪਰਵਾਣ ਪੰਚ ਪਰਧਾਨ। ਪੰਚੇ ਪਾਵਹਿ ਦਰਗਹਿ ਮਾਨੁ।
ਪੰਚੇ ਸੋਹਹਿ ਦਰਿ ਰਾਜਾਨੁ। ਪੰਚਾ ਕਾ ਗੁਰ ਏਕੁ ਧਿਆਨੁ।

*End :—*

ਇਕ ਬੀਰ ਪਰੋਤੇ ਬਰਛੀਏ ਜਿਉ ਝੁਕ ਪਉਨ ਨਿਵਾਜੀ।
ਇਕ ਦੁਰਗਾ ਸਉਹੇ ਖੁਨਸ ਕੈ ਖੁਨਸਾਇਨ ਤਾਜੀ।
ਇਕ ਧਾਵਨ ਦੁਰਗਾ ਸਾਮਣੇ ਜਿਉ ਭੁਖਿਆਏ ਪਾਜੀ।
ਕਦੇ ਨ ਰਜੇ ਜੁਝ ਤੇ ਰਜ ਹੋਏ ਰਾਜੀ।

This contains the following works :-

| | | |
|---|---|---|
| 1. | Jap Ji | 1– 32 (Gūrū Nānak) |
| 2. | Jāp Sahib | 36– 64 (Gūrū Gobind Singh) |
| 3. | Sukhmanī | 65–201 (Gūrū Arjan) |
| 4. | Rairās | 201–227 (Adi Granth) |
| 5. | Anand Sāhib | 228–232 (Gūrū Amar Dass) |
| 6. | Chandi di Vār | 1– 46 (Gūrū Gobind Singh) |

S. No. 115

## S.H.R. : 1590 J

*Title :* Mantar Bābay Nānak Ji

*Size :* 18 × 13 C.M.
*No. of Folios :* 3 (52–54) Part II
*Lines per Page :* 10
*Letters per Line :* 22

*Beginning :—*

੧ ੐ ਸਤਿਗੁਰ ਪ੍ਰਸਾਦਿ ॥

ਮੰਤ੍ਰ ਬਾਬੇ ਨਾਨਕ ਜੀ ਕੀ ਰਖਿਆ ਕਾ। ਵਾਰੀ ਤ੍ਰਿਹੁ ਪੜਨਾ।

ਆਪ ਤੇਜ ਬਾਇ ਪ੍ਰਿਥਮੀ ਅਕਾਸੁ ਏਹੁ ਹੈ। ਤਿਸ ਕੀ ਉਤਪਤਿ ਪ੍ਰਲੈ ਹੈ। ਇਸ ਕਾ ਬਲੁ ਏਹੁ ਹੈ। ਇਕੁ ਲਖੁ ਅਸੀ ਹਜਾਰ ਭੂਤ ਮਨਾ ਅੰਦਰ ਬਸਦਾ ਹੈ। ਤਿਸ ਕੀ ਉਤਪਤਿ ਪਉਣ ਹੈ।

*End :—*

ਡਰੈ ਡੂਗਰੈ। ਜਲੈ ਥਲੈ ਘਾਟੈ ਅਵਘਾਟੈ। ਸ੍ਰੀ ਵਾਹਿਗੁਰੂ ਨਾਨਕ ਨਿਰੰਕਾਰ ਜੀ ਰਛਿਆ



Sri Satguru Jagjit Singh Ji eLibrary NamdhariElibrary@gmail.com

ਕਰੈ । ਸ੍ਰੀ ਅਕਾਲ ਪੁਰਖ ਜੀ ਰਛਿਆ ਕਰੈ । ਸ੍ਰੀ ਵਾਹਿਗੁਰੂ ਜੀ ਰਛਿਆ ਕਰੈ । ਸਬਦ ਸਾਚਾ ਫੁਰੈ । ਮੰਤ ਸ੍ਰੀ ਬਾਬੇ ਨਾਨਕ ਜੀ ਕਾ ਸੰਪੂਰਨ ਲਿਖਿਆ ਜੀ । ਸੁਭੰ । ਗੁਰੂ ਨਾਨਕ ਜੀ ਸਹਾਇ ।

It is an apocryphal verse attributed to Gūrū Nānak. It holds that repetition of God's name can avert all evil effects.

S. No. 116

## S.H.R. : 2900 A

*Title :* Nekalanki—Choubis Avtār

*Author :* Gūrū Gobind Singh *Size :* 11 × 8 C.m.

*No. of Folios :* 1-183=183 *Letters per Line :* 12 *Lines per Page :* 6

*Condition :* Very old, worm-eaten throughout written in good hand, within marginal lines, headings given in red. Complete.

*Beginning :–*

੧ ੴ ਸਤਿਗੁਰ ਪ੍ਰਸਾਦਿ ॥

ਅਥ ਨਿਹਕਲੰਕੀ ਚੌਬੀਸਵੋ ਅਵਤਾਰ ਕਥਨੰ ।

ਚੌਪਈ

ਅਬ ਮੈ ਮਹਾ ਸੁਧ ਮਤਿ ਕਰਿ ਕੈ । ਕਹੋ ਕਥਾ ਚਿਤੁ ਲਾਇ ਬਿਚਰ ਕੈ ।
ਚਉਬੀਸਵੋ ਕਲਕੀ ਅਵਤਾਰਾ । ਤਾ ਕਰ ਕਹੋ ਪ੍ਰਸੰਗ ਸੁਧਾਰਾ ॥ ੧ ॥

*End :—*

ਦੋਹਰਾ

ਚਟ ਪਟਾਇ ਚਿਤ ਮੈ ਜਰੇ ਤ੍ਰਿਣ ਜਿਉ ਕਰੁਧਿਤ ਹੋਇ ।
ਖੋਜ ਰੋਜ ਕੇ ਹੇਤ ਲਗਿ ਦਯੋ ਮਿਸ੍ ਜੂ ਰੋਇ ॥ ੧ ॥

This forms a part of Dasam Granth. It gives an account of Ne Kalanki Avtār.

S, No. 117

## S.H.R. : 1590 I

*Title :* Paiṇtīs Akharī

*Author :* Gūrū Nānak *Size :* 18 × 13 C.M.

*No. of Folios :* 3 (50-52) Part II *Lines per Page :* 10

*Letters per Line :* 22

*Beginning :–*

੧ ੴ ਸਤਿਗੁਰ ਪ੍ਰਸਾਦਿ ॥

ਅਥ ਪੈਂਤੀਸਿ ਅਖਰੀ ਮਹਲਾ ੧

ਓਅੰਕਾਰ ਸਰਬ ਪ੍ਰਕਾਸੀ ॥ ਆਤਮਾ ਸੁਧ ਅਕੈ ਅਬਿਨਾਸੀ ॥
ਈਸ ਜੀਵ ਮੈ ਭੇਦ ਨ ਜਾਨੋ । ਸਾਧ ਚੋਰ ਸਭ ਬ੍ਰਹਮ ਬਖਾਨੋ ।
ਹਸਤੀ ਚੀਟੀ ਤ੍ਰਿਣ ਲੋ ਆਦੰ । ਏਕ ਅਖੰਡਤ ਬਸੈ ਅਨਾਦੰ ।
ਉ ਆ ਈ ਸ ਹਾ । ੧ ।



Sri Satguru Jagjit Singh Ji eLibrary NamdhariElibrary@gmail.com

*End :–*

ਬਹੁੜ ਸ੍ਰੀ ਗੁਰੂ ਗੁਬਿੰਦ ਸਿੰਘ ਜੀ ਕੀ ਆਗਿਆ ਹੈ। ਬਰਤੁ ਪੂਰਣਮਾਸੀ ਕਾ ਰਖਣਾ। ਤੀਸਰੇ ਪਹਿਰਿ ਗੁਰਪੁਰਬ ਕਰਣਾ। ਫੇਰ ਪ੍ਰਸਾਦਿ ਪਾਵਣਾ। ਸਕਲ ਮਨੋਰਥ ਸ੍ਰੀ ਗੁਰੂ ਪੂਰਾ ਕਰੇਗਾ। ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ।

It is the most important popular and a composition in the acrostic form. It is attributed to Gūrū Nānak and it has not been included in the Adi Granth.

S. No. 118

## S.H.R. : 2219 B

*Title* : Pantis Akhari Mahala 1

*Size* : 17 × 13 C.M. *No. of Folios* : 25-33=7

*Lines per Page* : 6 *Letters per Line* : 16

Complete.

*Beginning :–*

Same as in S.H.R. 1590 I

*End :—*

ਪੈਤੀਸੁ ਅਖਰੀ ਸੁਵਰਣ ਬੀਚ ਮੰਡਾਇ ਪਹਰਨੀ ਬ੍ਰਤ ਪੂਰਣਮਾਸੀ ਕਾ ਰਖਣਾ ਤੀਸਰੇ ਪਹਰ ਗੁਰ ਪੂਰਬ ਕਰਣਾ ਫਿਰ ਪ੍ਰਸਾਦਿ ਪਾਵਣਾ। ਸਗਲ ਮਨੋਰਥ ਸ੍ਰੀ ਗੁਰੂ ਜੀ ਪੂਰੇ ਕਰੇਗਾ ॥ ੧ ॥ ਸੰਪੂਰਣੰ ॥

S. No. 119

## S.H.R. : 1441

*Title* : Pakhian Chrittar

*Author* : Gūrū Gobind Singh *Size* : 15 × 13 C.M.

*No. of Folios* : 513 *Lines per Page* : 12 *Letters per Line* : 20

*Condition* : Old, written in running hand, within marginal lines. Incomplete.

*Beginning :–*

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਭਗਉਤੀ ਏਨਮਹ। ਅਥ ਪਖਿਯਾਨ ਚਰਿਤ੍ਰ ਲਿਖਯਤੇ।

ਪਾਤਸ਼ਾਹੀ ੧੦। ਭੁਜੰਗ ਛੰਦ। ਤ੍ਵਪ੍ਰਸਾਦਿ ॥

ਤੁਹੀਂ ਖੜਗ ਧਾਰਾ ਤੁਹੀਂ ਬਾਢ ਵਾਰੀ।
ਤੁਹੀਂ ਤੀਰ ਤਰਵਾਰ ਕਾਤੀ ਕਟਾਰੀ।
ਹਲੇਂਬੀ ਜੁਨੱਬੀ ਮਕਰਬੀ ਤੁਹੀਂ ਹੈ।
ਨਿਹਾਰੋਂ ਜਹਾਂ ਆਪ ਠਾਢੀ ਵਹੀ ਹੈ। ੧।

*End :–*

ਚੌਪਈ

ਭਈ ਪ੍ਰਾਤ ਰਾਜਾ ਸੁਧਿ ਲਯੋ ॥ ਤਿਨੈ ਨ ਤਹਾ ਬਿਲੋਕਤ ਭਯੋ।
ਗਡਹਾ ਪਰ ਕੋ ਲਿਖਿਯੋ ਨਿਹਾਰਿਯੋ। ਮੰਤ੍ਰਨ ਜੁਤ ਇਹ ਭਾਂਤਿ ਬਿਚਾਰਿਯੋ। ੧੫।



Sri Satguru Jagjit Singh Ji eLibrary NamdhariElibrary@gmail.com

ਦੋਹਰਾ

ਯਾ ਜੋਗੀਸ੍ਵਰ ਲੋਕ ਲਖਿ ਬਹੁਰਿ ਲਖਿਯੋ ਯਹ ਲੋਕ।
ਅਬ ਪਤਾਰ ਦੇਖਨ ਗਯੋ ਹ੍ਵੈਕੈ ਹ੍ਰਿਦੇ ਨਿਸੋਕ। ੧੬।

ਚੌਪਈ

ਸਿਧਿਜ ਸਿਧਿਜ ਸਭ ਤਾਹਿ ਉਚਾਰੈਂ। ਭੇਦ ਅਭੇਦ ਨ ਮੂੜ ਬਿਚਾਰੈਂ।
ਇਹ ਚਰਿਤ੍ਰ ਤ੍ਰਿਯ ਜਾਰ ਬਚਾਯੋ। ਰਾਜਾ ਤੇ ਗਡਹਾ ਪੂਜਾਯੋ।

As compared to the printed version of the Dasam Granth it has got only 3874 verses, whereas the printed one contains 7555.

S. No. 120

## S.H.R. : 1588

*Title :* Panj Granthi

*Size :* 16 × 10 C.M. *No. of Pages :* 217
*Lines per page :* 9 *Letters per Line :* 20
*Condition :* Very old, written in beautiful hand within the marginal lines. Complete.

*Beginning :–*

੧ ੐ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ
ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ। ਨਾਨਕ ਹੋਸੀ ਭੀ ਸਚੁ।

*End :–*

ਸਿਖ ਮਤਿ ਸਭ ਬੁਧਿ ਤੁਮਾਰੀ ਮੰਦਿਰ ਛਾਵਾ ਤੇਰੇ।
ਤੁਝ ਬਿਨ ਅਵਰ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ।
ਜੀਅ ਜੰਤ ਸਭ ਸਰਣਿ ਤੁਮਾਰੀ ਸਰਬ ਚਿੰਤ ਤੁਧੁ ਪਾਸੇ।
ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ।

It is an anthology of verses from the Adi Granth. It consists of the Jap Ji, Rairās, Onkār, Sidh Ghost, Anand Sāhib, Bāwan Akhaɹi, Sukhmani, Asā di Vār, Shabad Hazāre.

S. No. 121

## S.H.R. : 1591

*Title :* Panj Granthi

*Size :* 15 × 8 C.M. *No. of Folios :* 410
*Lines per Page :* 7 *Letters per Line :* 16
*Condition :* Very old. Some folios are torn out on the ends, written in good hand within red margin. Complete.



Sri Satguru Jagjit Singh Ji eLibrary NamdhariElibrary@gmail.com

*Beginning :—*

੧ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
ਜਪੁ ।
ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ।

*End :—*

ਚੌਪਈ
ਤੁਮ ਹੋ ਸਭ ਰਾਜਨ ਕੇ ਰਾਜਾ । ਆਪੇ ਆਪ ਗਰੀਬ ਨਿਵਾਜਾ ।
ਦਾਸ ਜਾਨ ਕਰ ਕ੍ਰਿਪਾ ਕਰਹੁ ਮੋਹਿ । ਹਾਰ ਪਰਾ ਮੈ ਆਨ ਦੁਵਾਰੇ ਤੋਹਿ ।

In addition to all the works mentioned in No. S.H.R. 1588 this anthology contains, Sohilā, Vār Mājh of the 5th Gūrū, Shlok and hymns of the 9th Gūrū and Chaupai of the tenth Guru. With the exception of the last item, all are from the Adi Granth.

S. No. 122

## S.H.R. : 1448

*Title :* Panj Granthī
*Size :* 16 × 10 C.M. *No. of Folios :* 207+27=234
*Lines per Page :* 8 *Letters per Line :* 20
*Condition :* Old, pages at places worm-eaten written in running hand within marginal lines. Incomplete.

*Beginning :—*

ਥਾਪਿਆ ਨ ਜਾਇ ਕੀਤਾ ਨ ਹੋਇ । ਆਪੇ ਆਪਿ ਨਿਰੰਜਨ ਸੋਇ ।
ਜਿਨ ਸੇਵਿਆ ਤਿਨਿ ਪਾਇਆ ਮਾਨੁ । ਨਾਨਕ ਗਾਵੀਐ ਗੁਣੀ ਨਿਧਾਨੁ ।

*End :—*

ਪਉੜੀ
ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ।
ਸੋ ਕਰਤਾ ਕਾਦਰ ਕਰੀਮ ਦੇ ਜੀਆ ਰਿਜੁਕੁ ਸੰਬਾਹਿ ।
ਸਾਈ ਕਾਰ ਕਮਾਵਣੀ ਧਰਿ ਛੋਡੀ ਤਿਨੈ ਪਾਇ ।
ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ।
ਸੋ ਕਰੈ ਜਿ ਤਿਸੈ ਰਜਾਇ । ੨੪ ॥

With the exception of Shabad Hazāre this anthology contains all the works mentioned in S.H.R. 1588. It is incomplete.



Sri Satguru Jagjit Singh Ji eLibrary NamdhariElibrary@gmail.com

S. No. 123

## S.H.R. : 2194

*Title :* Panj Granthi

*Size :* 14 × 9 C.M. *No. of Folios :* 315
*Lines per Page :* 7 *Letters per Line :* 20
*Condition :* Very old, worm-eaten throughout, written in beautiful hand writing, within marginal lines, headings given in red. Incomplete.

*Beginning :–*

੧ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ।
ਜਪੁ । ਆਦਿ ਸਚੁ ਜੁਗਾਦਿ ਸਚੁ । ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।

*End :–*

ੴ ਸਤਿਗੁਰ ਪ੍ਰਸਾਦਿ ॥ ਨਿਸੀਹਤ ਨਾਵਾ ।
ਉਪਦੇਸ ਗੁਰੂ ਕਾ ਸੁਣਣਾ । ਮਿਥਿਆ ਨਾਹੀ ਗੁਣਣਾ ।
ਮਨ ਕਉ ਨਾਹੀ ਭ੍ਰਮਾਵਣਾ । ਅਖਾਜ ਨਾਹੀ ਖਾਵਣਾ ।
ਝੂਠ ਨਾਹੀ ਬੋਲਣਾ । ਤੁਫਾਨ ਨਾਹੀ ਤੋਲਣਾ ।
ਗੁਰੂ ਨਾਹੀ ਬਿਸਾਰਣਾ । ਧਰਮ ਨਾਹੀ ਹਾਰਣਾ ।
ਕ੍ਰੋਧ ਕਾਮ ਤਿਆਗਣਾ । ਨਾਮ ਸੰਗ ਲਾਗਣਾ । ਰਹਾਉ ।

In addition to all the works mentioned in S.H.R. 1588 this anthology contains Jaitsari ki Vār and Majh ki Vār.

At the end of this manuscript somebody has added "Nasyatnāwā" on different paper, which is definitely a recent one and its handwriting is also different. The first seventeen pages of this manuscript copy are missing.

S. No. 124

## S.H.R. : 1575

*Title :* Pārasnath—Rūdar Avtār

*Author :* Gūrū Gobind Singh *Size :* 17 × 12 C.M.
*No. of Folios :* 80 *Lines per Page :* 9
*Letters per Line :* 21 *Date of Transcription :* 1857 A.D.
*Condition :* Old, written in beautiful hand writing within marginal lines. Complete.

*Beginning :–*

੧ ੴ । ਅਥ ਪਾਰਸ ਨਾਥ ਰੁੱਦ੍ਰ ਅਵਤਾਰ ਕਥਨੰ ਪਾਤਿਸਾਹੀ ੧੦
ਚੌਪਈ ।
ਇਹ ਬਿਧ ਦੱਤ ਰੁਦ੍ਰ ਅਵਤਾਰਾ । ਪੂਰਣ ਮਤ ਕੌ ਕੀਨ ਪਸਾਰਾ ।
ਅੰਤ ਜੋਤ ਸੋ ਜੋਤਿ ਮਿਲਾਨੀ । ਜਿੱਹ ਬਿਧਿ ਸੋ ਪਾਰਬ੍ਰਹਮ ਭਵਾਨੀ । ੧ ।



Sri Satguru Jagjit Singh Ji eLibrary NamdhariElibrary@gmail.com

*End* :–

ਤਬ ਜਰੀ ਅਗਨਿ ਬਿਸੇਖ। ਤਿਣ ਕਾਸਟ ਘਿਰਤ ਅਸੇਖ।
ਤਬ ਜਰਯੋ ਤਾਮਹਿ ਰਾਇ। ਭਏ ਭਸਮ ਅਦਭੁਤ ਕਾਇ। ੧੩੦। ੩੫੭॥
ਕਈ ਦਯੋਸ ਬਰਖ ਪ੍ਰਮਾਨ। ਸਲ ਜਰਾ ਜੋਰ ਮਹਾਨ।
ਭਈ ਭੂਤ ਭਸਮੀ ਦੇਹ। ਧਨ ਧਾਮ ਛਾਡਯੋ ਨੇਹ। ੧੩੧। ੩੫੮।

This is from the Dasam Granth and forms a part of Choubis Avtār. It gives an account of Pārasnāth—Rūdar Avtār.

S. No. 125

## S.H.R. : 2264

*Title* : Pothi Gurbāni

*Size* : 15 × 12 C.M. *No. of Folios* : 56+61=117

*Lines per Page* : 11 *Letters per Line* : 19

*Condition* : Very old, except a few folios all others worm-eaten, written in three different hands, within marginal lines. Complete.

*Beginning* :–

ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ। ਆਦਿ ਸਚ
ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।

*End* :–

ਨਿਰਮਲ ਸੋਭਾ ਅੰਮ੍ਰਿਤ ਤਾਕੀ ਬਾਨੀ। ਏਕ ਨਾਮ ਮਨ ਮਾਹਿ ਸਮਾਣੀ।
ਦੂਖ ਰੋਗ ਬਿਨਸੈ ਭੈ ਭਰਮੁ। ਸਾਧ ਨਾਮ ਨਿਰਮਲ ਤਾ ਕੇ ਕਰਮ।
ਸਭ ਤੇ ਊਚ ਤਾਕੀ ਸੋਭਾ ਬਨੀ। ਨਾਨਕ ਇਹ ਗੁਣ ਨਾਮੁ ਸੁਖਮਨੀ ॥ ੮। ੨੪।

The contents of this manuscript are Jap Ji, Rairās, Sohilā, Chaupai, Anand Sāhib, Dakhani Onkār and Sūkhmani Sāhib.

S. No. 126

## S.H.R. : 2263

*Title* : Pothi Gūrbāni

*Size* : 15 × 11 C.M. *No. of Folios* : 104+146+12=262

*Lines per Page* : 9 *Letters per Line* : 17

*Condition* : Old, pages at places, worm-eaten, written in beautiful hand writing within marginal lines, headings given in red. Complete.

*Beginning* :–

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ।
ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।



Sri Satguru Jagjit Singh Ji eLibrary NamdhariElibrary@gmail.com

*End* :—

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰ ਗੋਬਿੰਦ ।
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤ ।
ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ।
ਜਿਹ ਸਿਮਰਤਿ ਸੰਕਟ ਮਿਟੈ ਦਰਸੁ ਤੁਹਾਰੋ ਹੋਇ । ੫੮ । ੧ । ੧੦੦ ।

The contents of this manuscript are :–

| | | | |
|---|---|---|---|
| 1. Jap Ji | folios | 1–15 | (Gūrū Nāṅak) |
| 2. Hazāre Shabad | ,, | 15–20 | (Selection from Adi Granth) |
| 3. Sohlai Marū Rāg | ,, | 20–23 | (Selection from Adi Granth) |
| 4. Jāp Sāhib | ,, | 23–40 | (Gūrū Gobind Singh) |
| 5. Sri Bhagauti Ji ka Chhand | ,, | 46–63 | (Attributed to Gūrū Gobind Singh) |
| 6. Hazare Shabad | ,, | 40–46 | (Gūrū Gobind Singh) |
| 7. Asā di Vār | ,, | 3–104 | (Gūrū Nānak) |
| 8. Sūkhmani | ,, | 1–46 | (Gūrū Arjan) |
| 9. Shlok Mahalā Nāwān | ,, | 1– 2 | (Gūrū Tegh Bahādur) |

S. No. 127

## S.H.R. : 2476

*Title :* Shabad Hazāre

*Size :* 14 × 9 C.M. *No. of Folios :* 11

*Lines per Page :* 7 *Letters per Line :* 13

*Condition :* Very old, worm-eaten throughout written in running hand without margin. Complete.

*Beginning* :–

੧ ੴ ॥ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ
ਅਕਾਲ ਮੂਰਤ ਅਜੂਨੀ ਸੈਭੰ ਗੁਰ ਪ੍ਰਸਾਦਿ ।
ਰਾਗ ਬਿਲਾਵਲ ਮ: ੧
ਤੂੰ ਸੁਲਤਾਨ ਕਹਾ ਹਉ ਮੀਆ ਤੇਰੀ ਕਵਨ ਵਡਾਈ ।
ਜੋ ਤੂੰ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣ ਨ ਜਾਈ ।

*End* :–

ਸੁਲਤਾਨੇ ਮੀਆ ਕਹਤ ਹੈਂ ਜੀਅ ਡਰਤ ਹੈ ਆਪਨਾ ॥
ਇਆਨੜੀਏ ਮਾਨੜਾ ਕਾਇ ਕਰੇਂ ਏ ਤਨ ਮਾਇਆ ਸੁਪਨਾ ॥
ਮਨ ਲੋਚੈ ਗੁਰ ਦਰਸ ਕੋ ਕਉਣ ਤਰਾਜੀ ਹੋਇ ॥
ਮਨ ਮੰਦਰ ਤਨ ਵੇਸ ਮੈ ਪੇਖ ਰਮਈਆ ਸੋਇ ॥ ੧ ॥

Shabad Hazāre is a collection of hymns from the Adi Granth. In this collection the last one is an apocryphal verse.



Sri Satguru Jagjit Singh Ji eLibrary NamdhariElibrary@gmail.com

S. No. 128 **S.H.R. : 1590 G**

*Title :* Shabad te Shlok Mahalā Nāwān

*Author :* Gūrū Teg Bahādur *Size :* 18 × 13 C.M.

*No. of Folios :* 23 (18–40) Part II *Lines per Page :* 11

*Letters per Line ;* 22

*Beginning :–*

੧ ਓ ਸਤਿਗੁਰ ਪ੍ਰਸਾਦਿ ॥

ਰਾਗ ਗਉੜੀ ਮਹਲਾ ੯ ॥

ਸਾਧੋ ਮਨ ਕਾ ਮਾਨ ਤਿਆਗਉ ॥

ਕਾਮ ਕ੍ਰੋਧੁ ਸੰਗਤ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥

*End :–*

ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ

ਕਿਉ ਨ ਹਰਿ ਕੋ ਨਾਮੁ ਲੇਹ ਮੂਰਖ ਨਿਲਾਜ ਰੇ ।

ਰਾਮ ਭਗਤਿ ਹੀਏ ਆਨਿ ਛਾਡ ਦੇਹ ਤੈ ਮਨ ਕੋ ਮਾਨ

ਨਾਨਕ ਜਨ ਇਹ ਬਖਾਨ ਜਗ ਮੈ ਬਿਰਾਜੁ ਰੇ । ੪ ॥ ੫੯ ॥

This contains the hymns and Shlokās of Gūrū Tegh Bahādur, the ninth Gūrū, as given in the Adī Granth.

S. No. 129 **S.H.R. : 428**

*Title :* Sarb Loh Parkāsh

*Author :* Sri Gūrū Gobind Singh Ji *Size :* 36 × 32 C.M.

*No. of Folios :* 383 *Lines per Page :* 19 *Letters per Line :* 30

*Condition :* Good, written in beautiful hand writing within simple margin, headings given in red. Complete.

*Beginning ;–*

੧ ਓ ਸਤਿਗੁਰ ਪ੍ਰਸਾਦਿ ॥ ਜਾਪ, ਸ੍ਰੀ ਮੁਖਵਾਕ ਪਾਤਸ਼ਾਹੀ ੧੦ ।

ਛਪੈ ਛੰਦ । ਤ੍ਵ ਪ੍ਰਸਾਦਿ ।

ਚਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤ ਨਹਿਨ ਜਿਹ ॥

ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥

ਅਚਲ ਮੂਰਤਿ ਅਨੁਭਉ ਪ੍ਰਕਾਸ ... ... ... ... ... ...

ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤ । ੧ ।



Sri Satguru Jagjit Singh Ji eLibrary NamdhariElibrary@gmail.com

*End :—*

ਦੋਹਰਾ

ਨੌਹੁ ਲਖਯਾ ਰਾਕੀ ਮਿਲੈ ਸੰਗ ਸਰਾਚਯੈ ਲਾਖ।
ਸਵਾ ਲਾਖ ਹਾਥੀ ਮਿਲੈ ਦੇਹੁ ਯਹੈ ਅਭਿਲਾਖ ॥ ੧ ।
ਖਾਸ ਸੁਵਾਰੀ ਮੌਚ ਲੈ ਨੇਜਾ ਲਾਖ ਨਿਸਾਨ।
ਵਾਹਗੁਰੂ ਕਾ ਖਾਲਸਾ ਜੀ ਤੈ ਸਤ੍ ਚੌਗਾਨ। ੨ ।
ਯਹ ਲਾਲਚ ਗੁਣ ਤ੍ਵ ਕਹਿਓ ਦਾਸ ਗੋਬਿੰਦ ਸਮਾਜ।
ਫਤਹ ਹੋਵੈ ਸਤਿਗੁਰੂ ਕੀ ਉਦੇ ਅਸੇਤ ਲੌ ਰਾਜ। ੩ ॥

ਇਤ ਸ੍ਰੀ ਮੰਗਲਾ ਚਰਣ ਪੁਰਾਣੇ ਸਾਰਸੁਵਤੀ ਭਾਸੇ ਕਲਮਲ ਬਿੰਧਸੁਵਨੌ ਉਕਤ ਬਿਲਾਸ ਬਿਰਜ ਨਾਦ ਨਿਧਨੇ ਸੁਰਪਤੀ ਰਾਜ ਪ੍ਰਾਪਤੇ ਸ੍ਰੀ ਸ੍ਰਬ ਲੋਹ ਭੂਮਨ ਸਾਂਤ ਲੋਕ ਗਵਨੇ ਬਿਮਲ ਜਸ ਉਦੈ ਬਰਨਨੰ ਸ੍ਰੀ ਮੰਗਲਾ ਚਰਣ ਸੰਪੂਰਣੰ। ਨਾਮ ਪੰਚਮੋ ਅਧਿਆਯ ਸੁਭ ਮਸਤ ॥

This anthology contains the following works :–

| | | | |
|---|---|---|---|
| 1. | Jāp Sāhib | folios 1— 5 | (Gūrū Gobind Singh) |
| 2. | Akāl Ūstat | ,, 6—20 | (Gūrū Gobind Singh) |
| 3. | Bachitar Nātāk | ,, 20—21 | (Gūrū Gobind Singh) |
| | (This is given about one third only) | | |
| 4. | Ūstat Sri Mayā Lachhamī | | (Attributed to Gūrū Gobind Singh) |
| | (in different Rāgās, 3029 Padās in all.) | folio 1–351 | |
| 5. | Sarbdev Ūstat | folios 351–383 | |

This manuscript is different from the manuscript mentioned in the catalogue of Punjabi manuscript *(Panjabi Hath likhtan di Suchi)* published by Language Department, Patiala page 329.

S. No. 130

## S.H.R. : 1579 G

*Title :* Swayyay Kalki Avtār ke

*Author :* Gūrū Gobind Singh — *Size :* 17 × 12 C.M.

*No. of Folios :* 313-320=8 — *Lines per Page :* 13

*Letters per Line :* 25

*Beginning :—*

੧ ੐ ਸਤਿਗੁਰ ਪ੍ਰਸਾਦਿ ॥ ਸ੍ਵੈਯੇ ਕਲਗੀ ਅਵਤਾਰ ਕੇ ॥
ਪਾਪ ਸਬੂਹਿ ਬਿਨਾਸਨ ਕਉ ਕਲਕੀ ਅਵਤਾਰਿ ਕਹਾਂਵਹਿਂਗੇ ॥
ਤੁਰਕ ਛਤੁਰੰਗ ਸਪਛ ਬਡੌ ਕਰਿ ਕਾਢਿ ਕ੍ਰਿਪਾਨ ਖਪਾਵਹਿਂਗੇ ॥
ਨਿਕਸੇ ਜਿਮ ਕੇਹਰਿ ਪ੍ਰਬਤ ਤੇ ਤਸ ਸੋਭ ਦਿਵਾਲਿਯ ਪਾਂਵਹਿਂਗੇ ॥
ਭਲਿ ਭਾਗਿ ਭਯਾ ਇਹ ਸੰਭਲਿ ਕੇ ਹਰਿ ਜੂ ਹਰਿ ਮੰਦਰਿ ਆਵਹਿਂਗੇਂ ॥



Sri Satguru Jagjit Singh Ji eLibrary NamdhariElibrary@gmail.com

*End :—*

ਤੋ ਤਨੁ ਤਿਯਾਗਤ ਹੀ ਸੁਨਰੇ ਜੜ੍ਹ ਪ੍ਰੇਤੁ ਬਧਾਨੁ ਤ੍ਰਿਯ ਭਜਿ ਜੈ ਹੈਂ।
ਪੁਤ੍ਰ ਕਿਲਤ੍ਰ ਸੁਮਿਤ੍ਰ ਸਖਾ ਇਹੁ ਬੇਗੁ ਨਿਕਾਰੁਹੁ ਆਇ ਸਦੈ ਹੈਂ।
ਭਉਨੁ ਭੰਡਾਰ ਧਰਾ ਗੜ੍ਹ ਜੇਤਕ ਛਾਡਿਤ ਪ੍ਰਾਨ ਬਿਗਾਨੇ ਕਹੈ ਹੈਂ।
ਚੇਤੁ ਰੇ ਚੇਤੁ ਅਚੇਤੁ ਮਹਾਂ ਪਸੁ ਅੰਤੁ ਕੀ ਬਾਰਿ ਅਕੇਲੋ ਹੀ ਜੈ ਹੈਂ।

This is a part of Dasam Granth.

S. No. 131

## S.H.R. : 1589 D

*Title :* Swayyay Neklanki Avtār

*Author :* Gūrū Gobind Singh *Size :* 13 × 8 C.M.
*No. of Folios :* 506–520=15 *Letters per Line :* 5 *Lines per Page :* 20

*Beginning :—*

੧ ੴ। ਸ੍ਰੀਜੇ ਪਾਤਸਾਹੀ ੧੦।

ਜੋ ਕਿਛੁ ਲੇਖੁ ਲਿਖਿਓ ਬਿਧਨਾ ਸੋਈ ਪਾਯਤੁ ਮਿਸ੍ ਜੂ ਸੋਕ ਨਿਵਾਰੋ।
ਮੋਰੋ ਕਛੂ ਅਪਰਾਧੁ ਨਹੀ ਗਯੋ ਯਾਦ ਤੇ ਭੂਲ ਨਹ ਕੋਪ ਚਿਤਾਰੋ।
ਬਾਗੋ ਨਿਹਾਲੀ ਪਠੈ ਦੈਹੋ ਆਜ ਭਲੇ ਤੁਮ ਕੋ ਨਿਹਰੈ ਜੀਅ ਧਾਰੋ।
ਛਤ੍ਰੀ ਸਬੈ ਕ੍ਰਿਤ ਬਿਪਨ ਕੇ ਇਨਹੂ ਪੈ ਕਟਾਛ ਕ੍ਰਿਪਾ ਕੈ ਨਿਹਾਰੋ।

*End :—*

ਦਮੋਦਰੀ ਵਾਚ

ਪਤ੍ ਜੋਗਨ ਭਰੈ ਸਦ ਦੇਬੀ ਕਰੈ ਨੰਦ ਭੈਰਉ ਰਿਰੈ ਗੀਤ ਗਾਵੈ।
ਭੂਤ ਅਉ ਪ੍ਰੇਤ ਬੈਤਾਲ ਬੀਰੰ ਬਲੀ ਮਾਸ ਅਹਾਰ ਤਾਰੀ ਬਜਾਵੈ।
ਜਛ ਗੰਧ੍ਰਬ ਅਉਰ ਸਰਬ ਬਿਦਿਆ ਧਰੰ ਸਮਾਧਿ ਆਕਾਸ ਸਭਯੋ ਸਦ ਦੇਵੰ।
ਲੁਥ ਬਿਥੁਰੀ ਹੂ ਹੂ ਭਰੀ ਮਚਯੋ ਜੁਧ ਅਨੂਪ ਅਤੇਵੰ।

This is a part of Dasam Granth.

# 2—COMMENTARIES
# (Works of Bhai Gurdas, etc)

S. No. 132

## S.H.R. : 1453

*Title :* Giān Ratanāwli

*Author :* Bhāi Gurdās *Size :* 16 × 16 C.M.
*No. of Folios :* 405 *Lines per Page :* 11 *Letters per Line :* 22
*Condition :* Old, pages at places worm-eaten, written in good hand, within marginal lines Complete.



Sri Satguru Jagjit Singh Ji eLibrary NamdhariElibrary@gmail.com

*Beginning :–*

੧ ੴ ਸਤਿਗੁਰ ਪ੍ਰਸਾਦਿ ॥

ਗਿਆਨ ਰਤਨਾਵਲੀ ਭਾਈ ਗੁਰਦਾਸ ਭਲੇ ਜੀ ਕੀ ਵਾਰ ।

ਓਅੰਕਾਰ ਅਕਾਰੁ ਕਰਿ ਪਉਣੁ ਪਾਣੀ ਬੈਸੰਤਰ ਧਾਰੇ ।
ਧਰਤਿ ਅਕਾਸੁ ਵਿਛੋੜਿਓਨੁ ਚੰਦੁ ਸੂਰਜੁ ਦੇ ਜੋਤਿ ਸਵਾਰੇ ।
ਖਾਣੀ ਚਾਰਿ ਬੰਧਾਨ ਕਰਿ ਲਖ ਚਉਰਾਸੀਹ ਜੂਨਿ ਦੁਆਰੇ ।
ਇਕਸ ਇਕਸ ਜੂਨਿ ਵਿਚਿ ਜੀਅ ਜੰਤ ਅਣਗਣਤ ਅਪਾਰੇ ॥

*End :–*

ਸਵਯਾ ।

ਜੈਸੇ ਧੋਬੀ ਸਾਬੋਨ ਲਗਾਇ ਪੀਟੈ ਪਾਥਰ ਸੈ ਨਿਰਮਲ ਕਰਤ ਬਸਤਰ ਮਲੀਨ ਕਉ ।
ਜੈਸੇ ਤਉ ਸੁਨਾਰ ਬਾਰੰ ਬਾਰ ਗਾਰਿ ਗਾਰਿ ਢਾਰਿ ਕਰਤ ਅਸੁਧ ਸੁਧ ਕੰਚਨ ਕੁਲੀਨ ਕਉ ।
ਜੈਸੇ ਪਵਨ ਝਕਝੋਰਤ ਬਿਰਖ ਮਿਲ ਮਲ ਗੰਧ ਕਰੈ ਚੰਦਨ ਪਰਬੀਨ ਕਉ ।
ਤੈਸੇ ਗੁਰ ਸਿਖਨ ਦਿਖਾਇਕੈ ਬ੍ਰਿਥਾ ਬੇਬੇਕ ਮਾਇਆ ਮਲ ਕਾਟ ਕਰੇ ਨਿਜਪਦ ਚੀਨ ਕਉ।
੨੬ । ੫੬੯ ॥

This manuscript has got two parts (i) *Varan* Bhāi Gurdās from page 1–251 (ii) *Kabit Swayyas* of Bhāi Gurdās 253–405.

It is the only manuscript in our collection which gives all printed works of Bhāi Gurdās at one place and also some of his unpublished works. In this manuscript *Kabit Swayyas* are 569 and their order is different from the printed one. Similarly the order of Vārs is also different.

This manuscript appears to have been consulted by Late Bhāi Shāib Dr. Vir Singh who has referred to it in his work on Bhāi Gurdās. Bhāi Gurdās was the nephew of Gūrū Amar Dāss and he was contemporary of the 3rd, 4th, 5th, and the 6th Gūrū. He died in C. 1637 A.D.

The works of Bhāi Gurdās are considered to be the earliest commentaries of the Adi Granth. Bhāi Gurdās was the scribe who had written the first copy of the Adi Granth at the dictation of Guru Arjan, the fifth Guru (1581–1606 A.D.)

S. No. 133

**S.H.R. : 2238 A**

*Title :* Giān Ratnāwali

*Author :* Bhāi Gurdās *Size :* 17 × 12 C.M.
*No. of Folios :* 1 to 293=293 *Lines per Page :* 9 *Letters per Line :* 23
*Condition :* Old, written in good hand within marginal lines. Complete.



Sri Satguru Jagjit Singh Ji eLibrary NamdhariElibrary@gmail.com

*Beginning* :–

੧ ੴ ਸਤਿਗੁਰ ਪ੍ਰਸਾਦਿ ॥

ਵਾਰਾਂ ਗਿਆਨ ਰਤਨਾਵਲੀ ਭਾਈ ਗੁਰੁਦਾਸ ਭਲੇ ਕਾ ਬੋਲਣਾ ।

ਨਮਸਕ਼ਾਰ ਗੁਰਦੇਵ ਕਉ ਸਤਿਨਾਮ ਜਿਸੁ ਮੰਤ੍ਰ ਸੁਣਾਇਆ ।
ਭਵਜਲ ਵਿਚੋ ਕਢਿ ਕੈ ਮੁਕਤਿ ਪਦਾਰਥ ਮਾਹਿ ਸਮਾਇਆ ।
ਜਨਮ ਮਰਣ ਭਉ ਕਟਿਆ ਸੰਸਾ ਰੋਗੁ ਵਿਜੋਗੁ ਮਿਟਾਇਆ ।
ਸੰਸਾ ਇਹੁ ਸੰਸਾਰ ਹੈ ਜਨਮ ਮਰਣ ਵਿਚ ਦੁਖ ਸਬਾਇਆ ।

*End* :–

ਕਬਿੱਤੁ

ਧਿਆਨੁ ਮੂਲ ਮੂਰਤਿ ਗੁਰੁ ਪੂਜਾ ਮੂਲੁ ਗੁਰ ਚਰਨ ਪੁਜਾਏ ।
ਮੰਤ੍ਰ ਮੂਲ ਗੁਰਵਾਕ ਹੈ ਸਚੁ ਸਬਦੁ ਸਤਿਗੁਰੂ ਸੁਟਾਏ ।
ਚਰਣੋਦਕੁ ਪਵਿਤ੍ਰ ਹੈ ਚਰਣ ਕਮਲ ਗੁਰ ਸਿਖ ਧੁਵਾਏ ।
ਚਰਣਾਂ ਮਤ ਕਲਮਲ ਕਟੇ ਗੁਰ ਧੂਰੀ ਬੁਰੇ ਲੇਖ ਮਿਟਾਏ ।
ਸਤਿਨਾਮੁ ਕਰਤਾ ਪੁਰਖ ਵਾਹਗੁਰੂ ਰਿਦੈ ਵਿਚਿ ਵਸਾਏ ।
ਬਾਰਹਿ ਤਿਲਕ ਮਿਟਾਇ ਕੇ ਗੁਰਮੁਖਿ ਤਿਲਕ ਨੀਸਾਣ ਚੜਾਏ ।
ਚਹੁਰਾਸੀ ਰਹੁਰਾਸਿ ਏਹੁ ਇਕੋ ਜਪੀਐ ਹੋਰ ਤਜਾਏ ।
ਬਿਨ ਗੁਰ ਦਰਸਨੁ ਦੇਖਣਾ ਭ੍ਰਮਤਾ ਫਿਰੈ ਠਉੜਿ ਨਹੀ ਪਾਏ ।
ਬਿਨੁ ਗੁਰ ਪੂਰੈ ਆਏ ਜਾਏ ॥ ੨੨, ਚਾਲੀ ਬਾਰਾਂ ਲਿਖਯਤੇ । ੪੦ । ਰਾਮ । ਰਾਮ । ਰਾਮ ॥

This contains only forty vārs where as in the printed copies we find forty one vārs.

S. No. 134

## S.H.R. : 1579 B

*Title :* Gosht Jap Ji Sāhib Sidhān nāl

*Size :* 17 × 12 C.M.
*No. of Folios :* 230–265=36
*Lines per Page :* 10
*Letters per Line :* 25

*Beginning* .—

੧ ੴ ਸਤਿਗੁਰ ਪ੍ਰਸਾਦਿ ॥

ਜਪ ਦੀ ਗੋਸਟਿ ਸਿਧਾਂ ਨਾਲਿ ਕੀਤੀ ॥

ਸਿਰੀ ਗੋਰਖ ਨਾਥ ਭਰਥਰੀ ਈਸਰ ਨਾਥ । ਚਰਪਟਿ ਗੋਪੀ ਚੰਦੁ । ਗੋਸਟਿ ਕੀਤੀ ਹੈ ਬਾਬੇ ਨਾਨਕ ਜੀ ਸਾਥਿ ॥ ਜੁ ਤੂੰ ਦਰਸਨੁ ਲੇਹਿ ਮੁੰਦ੍ਰਾ ਪਹਿਰੁ । ਤਬ ਬਾਬੇ ਨਾਨਕ ਜੀ ਕਹਿਆ ਜੋ ਮੈ ਮੁੰਦ੍ਰਾ ਪਹਿਰੀਆਂ ਹੈਂ ॥ ਦਰਸਨੁ ਲੀਆ ਹੈ ।.....



Sri Satguru Jagjit Singh Ji eLibrary NamdhariElibrary@gmail.com

www.archive.org/details/namdhari

*End :–*

ਤਦਿ ਸਭੇ ਕਹਿ ਉਠੇ ਜਿ ਵਾਹਿਗੁਰੂ ਬਾਬਾ ਨਾਨਕ । ਵਾਹੁਗੁਰੂ ਬਾਬਾ ਨਾਨਕੁ । ਬਾਬਾ ਨਾਨਕੁ ਸਭੁ ਸੰਸਾਰੁ ਨਿਸਤਾਰਨਿ ਫਿਰਿ ਬਾਬਾ ਨਾਨਕੁ ਚਕ ਆਇਆ । ਕਰਤਾਰਪੁਰਿ ਆਇ ਬੈਠਾ । ਗੋਸਟਿ ਜਪੁ ਦੀ ਪੂਰੀ ਹੋਈ ॥

This is the prose commentary on the Jāp Ji of Guru Nānak. The explanation and interpretation of various Paurhis of the Jāp Ji have been given in form of dialogues between the Sidhās and Gūrū Nānak. Its author is not known.

S. No. 135

## S.H.R. : 1437 J

*Tltle* : Gosht Kabir Nirankār

*Size :* 14 × 9 C.M. *No. of Folios :* 223–229=6

*Lines per Page :* 8 *Letters per Line :* 16

*Beginning :–*

੧ ੐ ਸਤਿਗੁਰ ਪ੍ਰਸਾਦਿ ॥

ਰਾਗੁ ਭੈਰਉ ਗੋਸਟਿ ਕਬੀਰ ਨਿਰੰਕਾਰ ਜੀ ॥

ਤਬ ਇਕ ਦਿਨਿ ਆਗਿਆ ਪ੍ਰਮੇਸਰ ਕੀ ਭਈ । ਰੇ ਕਬੀਰ ਤੂੰ ਮੇਰਾ ਚਾਕਰੁ ਹੋਇ ਸਕੈਗਾ । ਚਾਕਰੀ ਕਰੈਗਾ । ਤਬ ਕਬੀਰ ਜੀ ਕਹਿਆ ਜੋ ਕਿਛੁ ਤੇਰੀ ਆਗਿਆ ਹੋਇਗੀ ਸੋ ਮੇਰੇ ਮਾਥੈ ਉਪਰਿ ॥

*End :–*

ਤਬ ਠਾਕਰ ਜੀ ਕਹਿਆ ਰੇ ਕਬੀਰ ਇਹੁ ਗੜੁ ਤੈ ਜੀਤਿਆ ਹੈ । ਗੜ ਕਾ ਰਾਜ ਤੁਮਹੀ ਕਉ ਦੀਆ ਜੈਸਾ ਮੈ ਤੈਸਾ ਤੂੰ ਭੀ ਅਬਿਨਾਸੀ ਹੂਆ । ਤਬ ਕਬੀਰ ਕਹਿਆ ਬੋਲੋ ਰਾਮੁ ਭੂਲਿ ਮਤੁ ਜਾਹੁ ਖਤਾ ਮਤ ਖਾਹੁ ॥ ੧ ॥

ਗੋਸਟਿ ਕਬੀਰ ਨਿਰੰਕਾਰ ਕੀ ਸਪੂਰਨ ਹੋਈ ।

This contains the spiritual exposition of hymns of Kabīr which are preserved in Bharoa rāgā in the Adi Granth. The exposition has been made in the form of dialogues between Kabir and God, the Formless.

S- No. 136

## S.H.R. : 2238 B

*Title :* Kabit Sawayyās

*Author :* Bhāi Gurdās Ji *Size :* 17 × 12 C.M.

*No. of Folios :* 293 to 476=184 *Lines per Page :* 9 *Letters per Line :* 22

Complete.



Sri Satguru Jagjit Singh Ji eLibrary NamdhariElibrary@gmail.com

*Beginning :–*

ਸ੍ਰੀ ਵਾਹਿ ੧ ਓ ਸਤਿਗੁਰ ਪ੍ਰਸਾਦਿ ॥
ਬਾਣੀ ਭਾਈ ਗੁਰਦਾਸ ਭਲੇ ਕੀ ।

ਸੋਰਠਾ

ਆਦਿ ਪੁਰਖ ਅਦੇਸੁ ਓਨਮ ਸ੍ਰੀ ਸਤਿਗੁਰ ਚਰਨਾ ।
ਘਟ ਘਟ ਕਾ ਪ੍ਰਵੇਸ ਏਕ ਅਨੇਕ ਬਿਬੇਕ ਸਸਿ । ੧ ।

*End :–*

ਕਬਿਤੁ

ਜੈਸੇ ਅਨਿਕ ਫਨੰਗ ਫਨਗ੍ ਭਾਰ ਧਰਨਿ ਧਾਰੀ ਤਾਹਿ ਗਿਰਵਰ ਧਰ ਕਹੈ ਕਉਨ ਬਡਾਈ ਹੈ ।
ਜਾ ਕੋ ਏਕ ਬਾਵਰੋ ਬਿਸੁ ਨਾਮੁ ਨਾਥ ਕਹਾਵੈ ਤਾਹਿ ਬ੍ਰਿਜ ਨਾਥ ਕਹੇ ਕਉਨ ਅਧਿਕਾਈ ਹੈ ।
ਅਨਕ ਅਕਾਰਿ ਓਅੰਕਾਰ ਕੇ ਬ੍ਰਿਥਾਰੇ ਤਾਹਿ ਨੰਦ ਨੰਦਨ ਕਹੈ ਕਉਨ ਬਡਾਈ ਹੈ ।
ਜਾਨਤ ਉਸਤਤਿ ਕਰਤਿ ਨਿੰਦਿਆ ਅੰਧ ਮੂੜ ਐਸੇ ਅਰਾਧਬੇ ਤੇ ਮੋਨਿ ਸੁਖਦਾਈ ਹੈ । ੫੫੬ ।
ਸ੍ਰੀ ਵਾਹਿਗੁਰੂ ਜੀ ਤੁਹੀ ।

This contains the *Kabit* and *Swayyas* (verses) of Bhāi Gurdās. The number of *Swayyas* in the manuscript is the same as found in the printed one viz. 556.

S. No. 137

## S.H.R. : 1590 H

*Title :* Parichhā Mahalāi Panjwāin kā

*Size :* 18 × 13 C.M. *No. of Folios :* 11 (40–50) Part II

*Lines per Page :* 10 *Letters per Line :* 22

*Beginning :–*

੧ ਓ ਸਤਿਗੁਰ ਪ੍ਰਸਾਦਿ ।
ਪ੍ਰੀਛਾ ਲਿਖੀ ਗੁਰ ਪ੍ਰਸਾਦਿ । ਪ੍ਰੀਛਿਆ ਮਹਲਾ ੫ ।
ਜੋ ਜਨੁ ਮਨ ਮਹਿ ਚਿਤਵਨੀ ਰਖਾਵੈ ।
ਸੋ ਮਨ ਕਾ ਸਹਸਾ ਕਹਿ ਪ੍ਰਗਟਾਵੈ ।
ਗੁਰ ਪ੍ਰਸਾਦਿ ਸਹਿਸਾ ਭਉ ਮਿਟਾਵੈ ।
ਹੋਇ ਅਚਿੰਤੁ ਚਿੰਤਾ ਸਭ ਛੂਟੈ ।
ਮਨ ਕੀ ਦੁਬਿਧਾ ਸਭ ਕਹਿ ਸੁਨਾਵੈ ।
ਪ੍ਰਭੁ ਭਾਵੈ ਤਾ ਸਭ ਸੁਖ ਪਾਵੈ ।

*End :–*

ਸਲੋਕੁ

ਪੂਰਾ ਪ੍ਰਭੁ ਅਰਾਧਿਆ ਪੂਰਾ ਜਾ ਕਾ ਨਾਉ ।
ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ।
ਤੇਰਾ ਕਾਰਜੁ ਆਪਿ ਪ੍ਰਭ ਪੂਰਾ ਕੀਤਾ ਹੈ । ਇਕੁ ਕਾਰਜੁ ਕਿਆ ਸਭ ਹੀ ਕਾਰਜ ਸੰਪੂਰਨ



Sri Satguru Jagjit Singh Ji eLibrary NamdhariElibrary@gmail.com

ਭਏ। ਮਨ ਚਿੰਦੇ ਮਨ ਭਾਂਵਦੇ ਫਲ ਪਾਵਹਿਗਾ ਅਰ ਦੀਨ ਦੁਨੀਆ ਮਹਿ ਸੁਰਖਰੂ ਹੋਵਹਿਗਾ। ਤੇਰੇ ਉਪਰ ਪ੍ਰਮੇਸਰ ਸ੍ਰੀ ਭਗਵਾਨ ਕੀ ਕ੍ਰਿਪਾ ਭਈ। ਤੂ ਆਪਣੇ ਮਨ ਮਹਿ ਕਾਈ ਚਿੰਤਾ ਚਿਤਵਨੀ ਨਾ ਕਰੁ। ਜਪਿ ਸ੍ਰੀ ਭਗਵਾਨੁ ਕਾਰਜੁ ਸੁਫਲਾ। ਬੋਲੋ ਵਾਹਿਗੁਰੂ ਜੀ। ਧੰਨ ਗੁਰੂ ਜੀ।

It contains the explanation of Gūrū Arjan's Shlokās included in the holy Granth. The text is followed by explanation in prose.

S. No. 138

## S.H.R. : 2219 A

*Title :* Prichhā Mahalāi Panjwāin kā

*Author :* Murli Kavi *Size :* 17 × 13 C.M.

*No. of Folios :* 1–25=25 *Lines per Page :* 7 *Letters per Line :* 17

*Condition :* Old, written in very beautiful hand within beautiful marginal lines, worm-eaten throughout. Complete.

*Beginning* :–

੧ ਓ ਸਤਿਗੁਰ ਪ੍ਰਸਾਦਿ ॥ ਪ੍ਰੀਛਾ ਮਹਲੇ ਪੰਜਵੇ ਕਾ। ੫।

ਪਉੜੀ

ਜੋ ਜਨ ਮਨ ਮਹਿ ਚਿਤਵਨੀ ਰਖਾਵੈ। ਸੋ ਗੁਰ ਕਾ ਸਹਿਸਾ ਕਹਿ ਪ੍ਰਗਟਾਵੈ।
ਗੁਰ ਪ੍ਰਸਾਦਿ ਸਹਿਸਾ ਭਉ ਮਿਟੈ। ਹੋਇ ਅਚਿੰਤ ਚਿੰਤਾ ਸਭ ਛੁਟੈ।
ਮਨ ਕੀ ਦੁਬਿਧਾ ਸਭ ਕਹਿ ਸੁਨਾਵੈ। ਪ੍ਰਭ ਭਾਵੈ ਤਾ ਸਭ ਸੁਖ ਪਾਵੈ।
ਦੁਖ ਦਰਦ ਕੁਛ ਨੇੜ ਨ ਆਵੈ। ਗੁਰ ਕਾ ਮੰਤ੍ਰ ਸਦਾ ਮਨ ਧਿਆਵੈ।

*End* :—

Same as in 1590 H.

S. No. 139

## S.H.R. : 2488

*Title :* Parmarth Sūkhmani Sahansar Nāmā

*Author :* Harji (son of Meharban Ji) *Size :* 27 × 18 C.M.

*No. of Folios :* 155+26=181 *Lines per Page :* 15

*Letters per Line :* 25 *Date of Compilation :* 1646 A.D.

*Condition :* Old, written in running hand, within marginal lines. Incomplete.

*Beginning* :—

੧ ਓ ਸਤਿਗੁਰ ਪ੍ਰਸਾਦਿ ॥
ਰਾਗ ਗਉੜੀ ਮਹਲਾ ॥ ੮ ॥ ਸੁਖਮਨੀ ਸਹੰਸਰ ਨਾਮਾ।
ਸਲੋਕੁ।
ਸੁਖਮਨੀ ਹੋਵਹਿ ਸਰਬ ਸੂਖ ਇਕ ਮਨਿ ਜਪੀਐ ਨਾਮੁ।
ਜਨ ਨਾਨਕ ਪਾਵਹੁ ਸਚੁ ਖੰਡੁ ਪੂਰਨ ਹੋਵੈਹਿ ਕਾਮੁ। ੧।



Sri Satguru Jagjit Singh Ji eLibrary NamdhariElibrary@gmail.com

ਸੰਮਤੁ । ੧੭੦੩ । ਮੰਘਰ ਸੁਦੀ ੧ । ਏਕਮ ਨੋ ਸੁਖਮਨੀ ਸਹੰਸਰ ਨਾਮਾ ਮਹਲਾ ੮ । ਅਠਵੇ ਕਾ ਪਰਮਾਰਥ ਸਾਥਿ ਲਿਖਣੇ ਕਾ ਆਰੰਭ ਭੈਆ । ਸ੍ਰੀ ਸਤਿਗੁਰੂ ਮਿਹਰਵਾਨ ਜੀ ਕੀ ਆਗਿਆ ਸਾਥਿ ਹੋਇਆ ।

*End :–*

ਸਲੋਕੁ

ਕਰ ਬਾਵਨ ਰੂਪ ਦਿਖਾਇਓ ਬਲਿ ।
ਬਲਿ ਛਲਿਉ ਪਾਉ ਪਸਾਰਿ ।
ਵਰੰ ਬੂਹਿ ਭਏ ਦੈਆਲ ਜੀ ਗਨ ਤੀਨੇ ਰਹਹਿ ਦੁਆਰਿ ॥
ਚਰਨਾ ਤੇ ਗੰਗਾ ਭਈ ਜਨ ਨਾਨਕ ਇਤੁ ਅਵਤਾਰਿ ।੨੧।

ਬੋਲਹੁ ਭਾਇਹੁ ਭਾਈ ਜੀ ਸ੍ਰੀ ਰਾਮ ਸ੍ਰੀ ਕ੍ਰਿਸਨ ਵਾਹਗੁਰੂ ਸਚਾ । ੨੧ । ਅਬ ੨੨ ਬਾਈਹੁਵੀ ਅਸਟਪਦੀ ਚਲੀ ਸ੍ਰੀ ਪਰਸ ਰਾਮ ਜੀ ਕੀ ।

This contains the spiritual exposition of Sukhmani written by Meharbān, (1581—1640 A.D.) grandson of Gūrū Rām Dāss.

This manuscript was incomplete. Its later portion was subsequently written in different hand.

For more details about this manuscript vide *Janam Sakhi* Sri Gūrū Nanak Dev by Meharbān recently published by Sikh History Research Department, Khalsa College Amritsar pages 39–40.

S. No. 140

## S.H.R. : 1473

*Title :* Prayā Sri Gūrū Granth Sāhib

*Size :* 24 × 16 C.M. *No. of Folios :* 147

*Lines per Page :* 21 *Letters per Line :* 24

*Condition :* Good but old, written in good hand within marginal lines.

*Beginning :—*

੧ ਓ ਸਤਿਗੁਰ ਪ੍ਰਸਾਦਿ ॥
ਅਥ ਪ੍ਰਿਜਾ ਜਪਜੀ ਜੀ ਕੇ ਸ੍ਵਰੂਪ ਲਛਨ ਪ੍ਰਥਮ ਕਹਿਤੇ ਹੈਂ ।
ਸਤ ਚਿਤ ਅਨੰਦ ਤਟਸਥ ਲਛਨੰ ।

ਸਤਿਨਾਮ ਕਰਤਾ ਪੁਰਖ ਵਿਆਪਕ । ਸੈਭੰ ਸੁਤੇ ਪ੍ਰਕਾਸ । ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ । ਰਜਾਈ ਦੇ ਹੁਕਮ ਚਲਣਾ ਜੇਹੜਾ ਇਹੁ ਉਸ ਦੇ ਨਾਲ ਲਿਖਿਆ ਜਾਂਦਾ ਹੈ ।

*End :–*

ਬੈਰਾਗੀ ਸੋ ਜੋ ਬੈ ਮਹਿ ਮੁਲ ਵਿਕ ਜਾਵੇ ਗੁਰਾ ਆਗੈ ।
ਸਿਵ ਪ੍ਰਾਪਤੀ ਨਿਮਿਤ ਅਵਿਦਿਯਾ ਨਿਵਿਰਤ ਨਿਮਿਤ ਕਰਮ ਕਰੈ ।
ਇਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਪ੍ਰਯਾਯ ਸਾਂਗੋ ਪਾਂਗ ਕਥਨ ਸਮਾਪਤੰ ਸੁੰਭੰ । ੧ ।

This contains the exposition of difficult words and lines occuring in the Adi Granth. The author is unknown.



Sri Satguru Jagjit Singh Ji eLibrary NamdhariElibrary@gmail.com

S. No. 141

## S.H.R. : 2468

*Title :* Tikā Japji Sāhib

*Author :* Bhāi Bakhshish Singh
*Size :* 20 × 16 C.M.
*No. of Folios :* 100
*Lines per Page :* 18
*Letters per Line :* 20
*Date of Compilation :* 1895 A.D.
*Condition :* Good, no margin and running hand. Complete.

*Beginning :–*

੧ ੐ ਸਤਿਗੁਰ ਪ੍ਰਸਾਦਿ ॥
ਅਥ ਜਪੁ ਸਾਹਿਬੁ ਕਾ ਟੀਕਾ । ਭਾਈ ਬਖਸੀਸ ਸਿੰਘ ਕ੍ਰਿਤ ਲਿਖਯਤੇ ।
ਦੋਹਰਾ
ਸ੍ਰੀ ਗੁਰੂ ਨਾਨਕ ਦਸਮ ਗੁਰ ਪਾਦ ਕੰਜ ਧਰ ਧਿਆਨ ।
ਜਪੁ ਸਾਹਿਬ ਟੀਕਾ ਰਚੂੰ ਲਹੇਂ ਅਰਥ ਮਤ ਮਾਨ ॥

*End :–*

ਜੀਵ ਈਸਰ ਕੀ ਏਕਤਾ ਸੋ ਬਿਸੈ ਹੈ । ਬ੍ਰਹਮ ਅਨੰਦ ਕੀ ਜੋ ਪ੍ਰਾਪਤੀ ਸੋ ਪ੍ਰਯੋਜਨ ਹੈ । ਪ੍ਰਿਤਿ ਪਾਦ ਸ੍ਰੀ ਜਪਜੀ ਹੈ । ਪ੍ਰਮੇਸਰ ਪ੍ਰਤਿਪਾਦ ਹੈ । ਯਹ ਸੰਬੰਦ ਹੈ । ਐਸੇ ਅਨਬੰਦ ਬਣ ਜਾਤਾ ਹੈ । ਦਸਖਤ ਭਾਈ ਬਖਸੀਸ ਸਿੰਘ ਦੇ । ਸੰਮਤ ੧੯੫੨ ਮੈ ਲਿਖੀ ਹੈ ।

ਟੀਕਾ ਜੀ ਕਾਰ ਸ੍ਰੀ ਜਪਜੀ ਸਾਹਿਬ ਕਾ ਭਾਈ ਬਖਸੀਸ ਸਿੰਘ ਅਰ ਰਹਣੇ ਵਾਲਾ ਸੁਧਾ ਸਰ ਮੈ ਭੂਲ ਚੂਕ ਮੇਂਜੀ ਮਾਫ ਕਰਨੀ ਹੈ ਜੀ । ਸ੍ਰੀ ਵਾਹਿਗੁਰੂ ਜੀ । ਸ੍ਰੀ ਵਾਹਿਗੁਰੂ ਜੀ । ਸਤਿ ਸ੍ਰੀ ਅਕਾਲ ।

This contains the commentary of the most difficult work of Gūrū Nānak viz. Jap Ji. This author is Bakhshish Singh of Amritsar who compiled it in 1895–A.D.

S. No. 142

## S.H.R. : 1451

*Title :* Uthānka Sri Gūrū Granth Sāhib Ji ki

*Size :* 23 × 14 C.M.
*No. of Folios :* 132
*Lines per Page :* 18
*Letters per Line :* 16
*Condition :* Old, many pages at places worm-eaten. written in beautiful hand-writing without any margin. Complete.

*Beginning –*

੧ ੐ ਸਤਿਗੁਰ ਪ੍ਰਸਾਦਿ ॥
ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ।

ਅਨੰਦਪੁਰ ਮੈ ਸਿੰਘਾ ਨੇ ਮਨੀ ਸਿੰਘ ਨੂੰ ਕਹਾ ਜੋ ਗ੍ਰੰਥ ਸਾਹਿਬ ਜੀ ਕੀ ਕਥਾ ਸ੍ਰੀ ਗੁਰੂ ਜੀ ਦੇ ਹੁਦਿਆ ਨਾ ਹੋਈ ਤੇ ਪੀਛੇ ਕਿਸ ਨੇ ਕਰਨੀ ਹੈ । ਤਬ ਮਨੀ ਸਿੰਘ ਨੇ ਕਹਾ ਹੇ ਭਾਈ ਬਹੁਤ ਹਛੀ ਤੁਸਾ ਨੇ ਕਹੀ ਹੈ ਚਲੋ ਗੁਰੂ ਜੀ ਪਾਸ ਚਲਕੇ ਅਰਜ ਕਰੀਏ । ਤਬ ਮਨੀ ਸਿੰਘ ਅਤੇ ਹੋਰ ਸਰਬਤ ਸਿੰਘ ਜਾਇ ਕੇ ਵਾਹਗੁਰੂ ਜੀ ਕੀ ਫਤੇ ਬੁਲਾਈ ।



Sri Satguru Jagjit Singh Ji eLibrary NamdhariElibrary@gmail.com

*End :—*

ਕਿਸੀ ਨੇ ਕਹਾ ਜੀ ਸੋਰਠ ਰਾਗਣੀ ਕੈਸੀ ਹੈ।

ਉਤ੍ਰ—ਸਿਖ ਗੁਰ ਕੋ ਐਸੇ ਕਹੇ ੭ ਜਿਲਣ ਮੋਹ ਪੁਤ੍ਰਾਦਿਕਾ ਨੇ ਗਡਾਈ ਕੁਮੰਤ੍ਰੀਆ ਨੇ ਕਾਮਾਦ ਨੇ ਵਾ ਸਬੰਧੀਆ ਖੋਟਿਆ ਨੇ ੧੧ ਕਿਸੀ ਸਿਖ ਕੋ ਕਹੇ ਹੈ ੨੦। ਮੁੰਦਾਵਣੀ ਮ : ੫ ਸਾਧਾਰਣ ਉਪਦੇਸ ਹੈ। ਸਲੋਕ: ੫ ਬੇਨਤੀ ॥ ਇਤ ਸ੍ਰੀ ਗ੍ਰੰਥ ਸਾਹਿਬ ਕੀ ਉਤ੍ਰਨ ਕਾ ਸਪੂਰਣੰ ॥

This manuscript gives the historical exposition and gist of various verses of Adi Granth.

S. No. 143

## S.H.R. : 1737 C

*Title :* Varān, Kabit & Swayyās, Bhāi Gurdās

*Size :* 16 × 16 C.M. *No. of Folios :* 193

*Lines per Page :* 12 *Letters per Line :* 21

*Beginning :—*

੧ ਓ ਸਤਿਗੁਰ ਪ੍ਰਸਾਦਿ ॥

ਧ੍ਰ ਹਸਦਾ ਘਰਿ ਆਇਆ ਕਰਿ ਪਿਆਰ ਪਿਅ ਕੁਛੜਿ ਲੀਤਾ।
ਬਾਹਹੁ ਪਕੜ ਉਠਾਲਿਆ ਮਨ ਵਿਚਿ ਰੋਸੁ ਮਤ੍ਰੋਈ ਕੀਤਾ।
ਭਡੁਹਿ ਲਿਕਾ ਆਇਆ ਮਾ ਪੁਛੈ ਤੂੰ ਸਵਾਣੀ ਹੈ ਕਿ ਸਰੀਤਾ।
ਸਵਾਣੀ ਹਾ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜੀਤਾ.....

*End :—*

ਪਾਂਚ ਵਾਰ ਗੰਗ ਜਾਇ ਪਾਂਚ ਹੀ ਪਿਰਾਗ ਨਾਇ
ਤੈਸੇ ਫਲ ਹੋਇ ਗੁਰ ਸਿਖ ਕੇ ਨਵਾਏ ਕਾ।
ਸਿਖ ਕੋ ਪਲਾਇ ਪਾਣੀ ਭਾਓ ਕਰ ਅਸਮੇਧ ਜਗ ਕਾ
ਪੁੰਨ ਹੋਇ ਸਿਖ ਕੇ ਅਘਾਇ ਖਵਾਇ ਕਾ।
ਜੈਸੇ ਪਚੀਸ ਮੰਦਰ ਕੰਚਨ ਉਸਾਰ ਦੀਨ ਕਾਹੂ ਕੋ
ਤੈਸੇ ਧਰਮ ਹੋਇ ਗੁਰ ਭਾਈ ਕੇ ਸਬਦ ਕੇ ਸਿਖਾਏ ਕਾ।
ਜੈਸੇ ਪਚੀਸ ਵਾਰ ਦਰਸਨ ਕੀਆ ਹੋਇ ਕਹੂ ਸਾਧ ਕਾ
ਤੈਸੇ ਧਰਮ ਹੋਇ ਗੁਰ ਭਾਈ ਕੇ ਚਾਪ ਕੇ ਸਵਾਏ ਕਾ। ੬੦੩

ਵਾਹਿਗੁਰੂ ਧੰਨਿ ਗੁਰੂ ਸਤਿ ਕਰਤਾਰ।

This manuscript contains the following :-

(i) Selection from Vāran Bhāi Gurdās folio 289–335=47.
These are nine Vārs in all.

(ii) Kabit Swayyās Bhāi Gurdās folio 335–480=145.
These are 603 in all.



Sri Satguru Jagjit Singh Ji eLibrary NamdhariElibrary@gmail.com

# 3—REHITNAMAHS

S. No. 144

## S.H.R. : 1442 E

*Title* : Naseehat Nāmāh Pātshāi Dasvin

*Size* : 15 × 11 C.M.
*No. of Folios* : 7-13=7
*Lines per Page* : 10
*Letters per Line* : 26

*Beginning :–*

੧ ਓ ਸਤਿਗੁਰ ਪ੍ਰਸਾਦਿ ॥ ਪਾਤਸ਼ਾਹ ੧੦

ਹੁਕਮੁ ਹੋਆ ਲੈਣਾ ਤਾਂ ਖਾਲਸੇ ਵਿਚੋ । ਦੇਣਾ ਤਾਂ ਖਾਲਸੇ ਵਿਚਿ । ਖਾਣਾ ਤਾ ਖਾਲਸੇ ਵਿਚੁ । ਖੁਲਾਵਣਾ ਤਾਂ ਖਾਲਸੇ ਵਿਚੁ । ਹੁਕਮ ਹੋਇਆ ਵਾਹਗੁਰੂ ਗੋਬਿੰਦ ਸਿੰਘ ਜੀ ਬੋਲੇ । ਪੀਰ ਕਿਆ ਅਰੁ ਮੀਰੁ ਕਿਆ ਸਭ ਤਲਵਾਰ ਕੇ ਤਲੇ ਹੈਂ । ਖੜਗ ਅਸਾਡੇ ਫਤੇ ਹੈ ।

*End :—*

ਹੁਕਮੁ ਹੋਆ ਜਿਸ ਦੇ ਹਥ ਲੋਹੇ ਦਾ ਛਲਾ ਹੈ ਤਿਸ ਨੂ ਕਿਹੁ ਪੋਹੁ ਸਕਦਾ ਨਾਹੀ । ਛਲਾ ਛਾਪ ਹਥਿ ਰਖਣੀ । ਜਥਾ ਸਕਤ ਹੋਵੈ । ਹੁਕਮੁ ਹੋਆ ਚੌਕਾ ਗੋਹੇ ਕਾ ਅਰੁ ਹਟੁ ਨਹੀਂ ਪਾਵਣਾ । ਚੌਕਾ ਮਿੱਟੀ ਕਾ ਪਾਵਣਾ । ਗੋਹੇ ਨਾਲ ਰੋਟੀ ਪਕਾਵਣੀ ਨਾਹੀ । ਵਾਹਗੁਰੂ ਜੀ ਕੇ ਖਾਲਸੇ ਜੀ ਕੀ ਫਤੇ ਹੈ । ੧ ।

This manuscript contains instructions attributed to Gūrū Gobind Singh. It gives a lot of advice regarding every day life.

S. No. 145

## S.H.R. : 227 A

*Title* : Rehit Nāmāh

*Author* : Bhāi Chaupā Singh
*Size* : 19 × 16 C.M.
*No. of Folios* : 69
*Lines per Page* : 12
*Letters per Line* : 20
Complete.

*Beginning :—*

੧ ਓ ਸਤਿਗੁਰ ਪ੍ਰਸਾਦਿ ॥

ਆਗੇ ਰਹਿਤ ਸਤਿਗੁਰ ਕੀ । ਸਾਖ ਸ੍ਰੀ ਗ੍ਰੰਥ ਸਾਹਿਬ ਜੀ ।

ਰਹਤ ਰਹਤਿ ਰਹਿ ਜਾਹਿ ਬਿਕਾਰਾ । ਜਿਸ ਰਹਿਤ ਕੀਤਿਆਂ ਬਿਕਾਰ ਨ ਹੋਵਨ ਸੋ ਰਹਤ ਕਹੀਐ । ਸਾਖ ਗ੍ਰੰਥ ਸਾਹਿਬ ਜੀ । ਸਾਚੀ ਰਹਤ ਸਾਚਾ ਮਨ ਸੋਇ । ਜਿਸ ਰਹਤ ਵਿਚ ਗੁਰੂ ਚਿਤ ਆਵੈ । ਸੋ ਐਸੀ ਰਹਤ ਸਾਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਐਸੀ ਰਹਤ ਰਹੋ ਹਰ ਪਾਸਾ । ਗੁਰ ਕਾ ਸਿਖ ਹੋਵੈ ਸੋ ਐਸੀ ਰਹਤ ਕਾ ਖੋਜਣਾ ਕਰੈ, ਜਿਹੜੀ ਰਹਿਤ ਵਾਹਿਗੁਰੂ ਖੁਸੀ ਆਵੈ । ਸਾਖ ਗ੍ਰੰਥ ਸਾਹਿਬ ਜੀ ।

ਸੰਤ ਵਾਕ । ਕਹਿਤਿਓ ਕਹਿਤੀ ਦੇਖੀ ਰਹਤ ਕੋ ਖੁਸੀ ਨ ਆਇਓ । ਕਹਦੀ ਬਹੁਤ ਹੈ ਰਹਤ ਗੁਰੂ



Sri Satguru Jagjit Singh Ji eLibrary NamdhariElibrary@gmail.com

ਕੀ ਕਿਸੇ ਗੁਰਮੁਖ ਨੂੰ ਪ੍ਰਾਪਤ ਹੋਈ ਹੈ। ਪਰ ਗੁਰੂ ਕਾ ਸਿਖ ਰਹਤ ਕੋ ਖੋਜਣਾ ਕਰੈ ਅਚੇਤ ਨ ਰਹੈ। ਗੁਰੂ ਕਾ ਜੋ ਸਿਖ ਹੋਵੈ ਕੇਸ ਧਾਰੀ। ਅਥਵਾ ਸਹਜ ਧਾਰੀ। ਸੋ ਪ੍ਰਾਤ ਸਮੇਂ ਇਸਨਾਨ ਅਥਵਾ ਪੰਜ ਇਸਨਾਨਾ ਕਰੇ। ਪੰਜ ਵੇਰੀ ਜਪੁਜੀ ਪੜੇ।

*End* :–

ਅਤੇ ਰੌਲੇ ਦੇ ਸਿਖ ਬਹੁਤ ਹੋਸਣ। ਸੋ ਗਰੀਬੀ ਕਰਕੇ ਸਿਖਾਂ ਨੂੰ ਮਾਇਆ ਦਾ ਸਵਾਲ ਚਾਹੀਏ। ਅਤੇ ਸਿਖਾਂ ਦਾ ਕਲ ਪਾਵਣਗੇ। ਸਾਖ ਪਾਤਸਾਹੀ ਦਸਵੀਂ। ਜਬ ਹੋਏ ਬਿਮੁਖ ਬਿਨਾ ਧਨ। ਤਬ ਚੜ੍ਹ ਹੈ ਸਿਖਨ ਕਹਿ ਮਾਂਗਨ। ਅਤੇ ਬੋਲ ਕਬੋਲ ਕਰਕੇ ਸਰਧਾ ਗਵਾਏ ਦੇਣਗੇ। ਸਿਖਾਂ ਨੂੰ ਬਿਸਿਦਕ ਕਰਨਗੇ। ਸੋ ਅਸਿਖ ਜਾਨਣੇ। ਸਾਖ ਪਾਤਸਾਹੀ ਦਸਵੀਂ। ਗੁਰਦੇਵ ਨ ਮਾਨੈ ਭਲਾ ਨ ਵਖਾਨੈ। ਅੰਤ ਕਰ ਕੈ ਜਾਇ ਹੈ। ਐਸੇ ਰੌਲੇ ਦੇ ਸਿਖ ਹੋਸਨ। ਪੋਥੀਆਂ ਗ੍ਰੰਥ ਸਾਹਿਬਾ ਨੂੰ ਭੀ ਨ ਮੰਨਨਗੇ। ਦਿਆ ਧਰਮ ਉਨ੍ਹਾਂ ਵਿਚੋਂ ਦੂਰ ਹੋ ਜਾਏਗਾ। ਸੋ ਅਸਿਖ ਜਾਨਣੇ। ਸਾਖ ਪਾਤਸ਼ਾਹੀ ਦਸਵੀਂ। ਸਿਖ ਉਬਾਰ ਅਸਿਖ ਸੰਘਰਹਉ। ਉਹ ਸਿਖ ਕਿਸੇ ਨੂ ਨ ਮੰਨਨਗੇ। ਤਿੰਨਾ ਦਾ ਵਿਸਾਹ ਨ ਕਰਨਾ ਜੀ। ਸਤਿਨਾਮੁ।

ਰਹਿਤ ਨਾਮਾ ਸੰਪੂਰਣ ਹੋਇਆ ਜੀ।

Rehit Nāmāh is a collection of rules pertaining to conduct and discipline to be observed by the Sikhs.

The author of this manuscript belonged to village Doburgi District Sialkot (Vide Mahākosh 1960–Edition). He was a house servant of Gūrū Gobind Singh.

This is a transcribed copy of the manuscript preserved at Damdamā Sāhib, Talwandi Sabo, District Bhatindā.

S. No. 146

## S.H.R. : 227 B

*Title :* Rehit Nāmāh

*Author :* Bhāi Nand Lāl Ji *Size :* 19 × 16 C.M.

*No. of Folios :* 6 *Lines per Page :* 12 *Letters per Line :* 20

Complete.

*Beginning* :–

੧ ਓ ਸਤਿਗੁਰ ਪ੍ਰਸਾਦਿ ॥

ਸਾਖੀ ਰਹਤ ਪਾਤਸ਼ਾਹੀ ੧੦। ਇਕ ਦਿਨ ਭਾਈ ਨੰਦ ਲਾਲ ਜੀ ਬੋਲਿਆ। ਜੋ ਗਰੀਬ ਨਿਵਾਜ ਸਿਖਾਂ ਪੁਤਾਂ ਨੂੰ ਕਰਮ ਕੌਣ ਕਰਨੇ ਜੋਗ ਹੈਨ। ਤਬ ਗੁਰੂ ਗੋਬਿੰਦ ਸਿੰਘ ਜੀ ਬੋਲੇ। ਜੋ ਮੇਰਾ ਸਿਖ ਹੋਵੇਗਾ। ਸੋ ਖਾਲਸੇ ਥੀ ਬਗੈਰ ਹੋਰ ਥਾਂ ਪ੍ਰਤੀਤ ਨ ਕਰਸੀ।

*End* :–

ਦਰਗਹਿ ਠਾਕ ਨ ਹੋਵਈ ਸਤਿਗੁਰ ਕਾ ਹੋਇ ਪ੍ਰਨਾਮ।

ਗੁਰੂ ਕਾ ਵਾਕ ਹੈ ਕਿਰਿਆ ਉਸਤਰਾ ਗਾਇਤ੍ਰੀ ਤਰਪਣ ਪਖੰਡ ਕਰਮ ਮੰਨੇ ਹੈਨਿ। ਜੋ ਸਿਖ



Sri Satguru Jagjit Singh Ji eLibrary NamdhariElibrary@gmail.com

ਹੋਵੈਗਾ ਗੁਰ ਸਬਦ ਥੀ ਹੋਰ ਥਾਂ ਪ੍ਰਤੀਤ ਨ ਕਰੈ। ਹੋਰ ਪ੍ਰਤੀਤ ਨਰਕੇ ਲੈ ਜਾਂਦੀ ਹੈ। ਬੋਲੋ ਭਾਈ ਜੀ ਵਾਹਿਗੁਰੂ। ਸਾਖੀ ਸੰਪੂਰਨ ਹੋਈ। ਭੁਲ ਚੁਕ ਬਖਸਨੀ। ਰਹਿਤ ਨਾਮਾ ਸੰਪੂਰਨ। ਵਾਹਿਗੁਰੂ ਜੀ ਸਹਾਏ। ਸਤਿਨਾਮ। ਸਤਿਨਾਮ।

This is the transcribed copy from manuscript preserved at Damdamā Sāhib, Talwandi Sabo, District Bhatindā. It is a Sikh code of conduct written by Bhāi Nand Lāl who was a great Persian scholar and lived with the Gūrū at Anandpūr Sāhib.

S. No. 147

## S.H.R. : 1442 A

*Title :* Rehit Nāmāh

*Author :* Bhāi Nand Lāl
*Size :* 15 × 11 C.M.
*No. of Folios :* 1–10=10
*Lines per Page :* 9
*Letters per Line :* 20
*Name of Scriber :* Kavi Sant Rām
*Condition :* Old, pages at places worm-eaten, written in beautiful hand within marginal lines. Incomplete.

***Beginning*** :–

੧ ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਗੁਰੂ ਜੀ ਕੀ ਫਤੇ। ਅਥ ਰਹਤ ਨਾਮਾ ਲਿਖਯਤੇ।

ਦੋਹਰਾ

ਸਤਿਗੁਰ ਗੁਰ ਗੋਬਿੰਦ ਸਿੰਘ ਦੇਵ ਦਿਆਲ ਸਰੂਪ।
ਪੰਥ ਖਾਲਸਾ ਤਿਹ ਕੀਯੋ ਸੁੰਦਰ ਰੂਪ ਅਨੂਪ ॥

*End :–*

ਦੋਹਰਾ

ਲਿਖਨ ਹਾਰ ਭੂਲੇ ਜਾਹਾ ਪੜੀਉ ਸੁਧ ਬਨਾਇ।
ਮਾਨਸ ਭੂਲੈ ਛਿਨਕ ਮੈ ਹੈ ਅਭੁਲ ਰਘਰਾਇ ॥
ਇਤਿ ਰਹਤਨਾਮਾ ਅਰ ਗੁਰ ਉਸਤਤੀ ਸੰਪੂਰਨ ਹੋਈ। ੬੪।
ਸਤਿਗੁਰ ਸਹਾਇ। ਸਰਬਤ ਕੋ। ੬੪। ੬੪।

This manuscript copy appears to have been written by more than one person as is clear from various hand writings.

S. No. 148

## S.H.R. : 1442 F

*Title :* Rehit Nāmāh Bhāi Prehlād Singh

*Author :* Bhāi Prehlād Singh
*Size :* 15 × 11 C.M.
*No. of Folios :* 6
*Letters per Line :* 20
*Lines per Page :* 9



Sri Satguru Jagjit Singh Ji eLibrary NamdhariElibrary@gmail.com

*Beginning :–*

੧ ੴ ਸਤਿਗੁਰ ਪ੍ਰਸਾਦਿ ॥
ਅਬਚਲ ਨਗਰ ਬੈਠੇ ਗੁਰੂ ਮਨ ਮਹਿ ਕੀਆ ਬਿਚਾਰ ।
ਬੋਲਿਆ ਸਚਾ ਪਾਤਸਾਹ ਮੂਰਤ ਸ੍ਰੀ ਕਰਤਾਰ ॥ ੧ ।
ਹੁਕਮ ਹੋਆ ਪ੍ਰਹਿਲਾਦ ਸਿੰਘ ਬਿਪ੍ ਜਾਇ ਸਰਾਇ ।
ਨਿਕਟ ਬੁਲਾਇਆ ਸਤਿਗੁਰੂ ਲੀਨਾ ਕੰਠ ਲਗਾਇ । ੨ ।

*End :–*

ਦੋਹਰਾ
ਸਤਿ ਅਕਾਲ ਸ੍ਰੀ ਵਾਹੁਗੁਰੂ ਪਰਮ ਬੀਜ ਇਹ ਸਾਂਤਿ ।
ਸਭ ਸਿਖਨ ਕੋ ਬਚਨ ਇਹ ਕਹਿਯੋ ਆਦਿ ਅਰ ਅੰਤ ॥ ੪੦ ॥
ਰਹਿਤ ਨਾਮਾ ਸੰਪੂਰਣ ਭਯਾ ।

This Sikh code of conduct has been written by Bhāi Prehlād Singh. He claims to have written it after instructions from Gūrū Gobind Singh.

S. No. 149

## S.H.R. : 1797 B

*Title :* Rehit Nāmāh

*Author :* Prehlād Singh
*Size :* 16 × 14 C.M.
*No. of Folios :* 32–35=4
*Lines per Page :* 13
*Letters per Line :* 18

*Beginning :–*

ਗੁਰੂ ਨਾਨਕ ਜੀ ਸਹਾਇ ।

੧ ੴ ਸਤਿਗੁਰ ਪ੍ਰਸਾਦਿ । ਵਾਹਿਗੁਰੂ ਜੀ ਕੀ ਫਤੇ । ਬਚਨ ਰਹਤ ਨਾਮਾ
ਸ੍ਰੀ ਮੁਖਵਾਕ ਪਾਤਿਸਾਹੀ ੧੦ । ਦੋਹਾ ।
ਅਬਚਲ ਨਗਰ ਬੈਠੇ ਗੁਰੂ ਮਨ ਮੈ ਕੀਯਾ ਬਿਚਾਰਾ ।
ਬੋਲਿਆ ਪੂਰਾ ਸਤਿਗੁਰੂ ਮੂਰਤ ਸ੍ਰੀ ਕਰਤਾਰਾ । ੧ ।

*End :–*

ਚੌਪਈ
ਬਚਨ ਪ੍ਰਤੀਤ ਰਖੈ ਸਿਖ ਜੋਈ । ਤੈਸੋ ਹੀ ਫਲ ਪ੍ਰਾਪਤ ਹੋਈ
ਗੁਰ ਕੇ ਬਚਨ ਗੁਰੂ ਕੀ ਮੂਰਤਿ । ਮੁਕਤਿ ਭੁਕਤਿ ਦਰਸਾਰੇ ਪੂਰਤਿ । ੩੮ ।

ਦੋਹਰਾ
ਇਸਟ ਮਾਨੀਏ ਆਪਣਾ ਸੇਵਾ ਕਰੀਏ ਸਭਨਿ ।
ਕਲ ਕੀਰਤਨ ਕਾ ਵਖਤ ਹੈ ਨਹੀ ਫੁਰੈ ਜਪ ਤਪ ਤੀਰਥ ਕਰਮਿ ॥
ਹੇ ਗੁਰੂ ਜੀ ॥



Sri Satguru Jagjit Singh Ji eLibrary NamdhariElibrary@gmail.com

S. No. 150

## S.H.R. : 1589 A

*Title :* Prem Sūmārag

*Size :* 13 × 8 C.M. *No. of Folios :* 1-37=37

*Lines per page :* 5 *Letters per Line :* 20

*Name of Scribe :* Gulāb Singh.

*Condition :* Old, pages at places worm - eaten, written within marginal lines, headings given in red. Complete.

*Beginning* :-

੧ ੴ । ਸ੍ਰੀ ਅਕਾਲ ਪੁਰਖ ਜੀ ਸਹਾਇ ॥
ਸਤਿਗੁਰ ਪ੍ਰਸਾਦਿ ॥ ਪਾਤਸਾਹੀ ੧੦
ਅਥ ਸ੍ਰੀ ਪ੍ਰੇਮ ਸੁਮਾਰਗ ਗਿਰੰਥ । ਲਿਖਤੇ ਕਥਤੇ ਤ੍ਵਪ੍ਰਸਾਦਿ ।
ਆਗਿਆ ਸ੍ਰੀ ਗੁਰੂ ਅਕਾਲ ਪੁਰਖ ਕੀ ਸੋਇ ਧਿਆਉ ਪਹਲਾ ।

ਉਪਦੇਸੁ ਬੰਦਗੀ ਸਿਮਰਣ ਕੀ । ਰਹਤ ਬਿਧਿ ਸ੍ਰੀ ਅਕਾਲ ਪੁਰਖ ਪਰਮ ਪੁਰਖ ਕਾ ਚਲਿਆ । ਅਕਾਲ ਪੁਰਖ ਵਾਚ । ਇਸ ਕੀਟ ਪ੍ਰਤ ।

ਤੇਰਾ ਰੂਪ ਅਪਨੇ ਰੂਪ ਤੇ ਸਾਜਿ ਸਵਾਰਿ ਨਿਵਾਜਾ ।

ਸੰਸਾਰ ਬਿਖੈ ਪੰਥ ਪਰਚਾ ਕਰਬੇ ਕੋ ਕੈਸਾ ਪੰਥ । ਜਿਸ ਤੇ ਧਰਮ ਕਾ ਨਿਵਾਸੁ ਹੋਇ ।

*End* :—

ਇਸ ਪ੍ਰਾਣੀ ਨੂੰ ਚਾਹੀਐ ਜੋ ਕਿਛੁ ਗੁਰੂ ਨੇ ਫੁਰਮਾਇਆ ਹੋਵੈ ਉਸ ਕੋ ਅਪਨੇ ਮਤਿ ਬਿਖੈ ਪਿਆਰੁ ਰਖੈ । ਅਰੁ ਬੀਚਾਰੁ ਕਿਸੀ ਬਾਤ ਕਾ ਨ ਕਰੈ । ਉਸ ਕੀ ਉਹੀ ਜਾਣੇ । ਇਸ ਕਾ ਇਸੀ ਮੋ ਭਲਾ ਹੈ । ਧਿਆਉ ਪ੍ਰਥਮ ।

ਸ੍ਰੀ ਪ੍ਰੇਮ ਸੁਮਾਰਗੁ ਗਿਰੰਥ ਸਮਾਪਤ ਸੰਪੂਰਣੰ । ਸਰਬ ਲੋਹ ਰਛਿਆ ਮੁਝਿ ਕੋ ਸੁਪ੍ਰਣੰ । ਸ੍ਰੀ ਅਕਾਲ ਪੁਰਖ ਜੀ ਰਛਿਆ ਮੁਝਿ ਕੋ ।

This manuscript contains only the first chapter of this most comprehensive Sikh code of conduct which has got ten chapters dealing with minute instructions regarding religious, social and political aspects of life.

It has been attributed to Gūrū Gobind Singh but it appears to have been compiled by some Sikh much later. It is in prose.

The first chapter deals with the general instructions.

It has been published by Shromani Gurdwara Parbhandhak Committee, Amritsar.

S. No. 151

## S.H.R. : 1442 G

*Title :* Prem Sūmārag

*Size :* 15 × 11 C.M. *No. of Folios :* 19

*Lines per Page :* 11 *Letters per Line :* 22



Sri Satguru Jagjit Singh Ji eLibrary NamdhariElibrary@gmail.com

*Beginning :–*

੧ ਓ ਸਤਿਗੁਰ ਪ੍ਰਸਾਦਿ ॥ ਸ੍ਰੀ ਵਾਹਿਗੁਰੂ ਜੀ ਕੀ ਫਤੇ ।
ਅਥ ਸ੍ਰੀ ਪ੍ਰੇਮ ਸੁਮਾਰਗ ਗ੍ਰੰਥ ਲਿਖਯਤੇ । ੧੦ ਤਵ ਪ੍ਰਸਾਦਿ ॥
ਆਗਿਆ ਸ੍ਰੀ ਗੁਰ ਅਕਾਲ ਪੁਰਖ ਜੀ ਕੀ ਸਿਉ ਧਿਆਉ ਪਹਲਾ
ਉਪਦੇਸ ਬੰਦਗੀ ਸਿਮਰਨ ਕੀ ਰਹਤਿ ਬਿਧਿ ਅਕਾਲ ਪੁਰਖ ਕਾ ਚਲਿਆ
ਅਕਾਲ ਪੁਰਖ ਕੀ ਵਾਚ ਇਸ ਕੀਟ ਪ੍ਰਤ ।
ਤੇਰਾ ਰੂਪ ਮੈ ਆਪਨੇ ਰੂਪ ਤੇ ਸਾਜ ਨਿਵਾਜਿਆ ਹੈ ਸੰਸਾਰ ਬਿਖੇ ਪੰਥ ਪਰਚਾ ਕਰਬੋ ਕੋ । ਕੈਸਾ ਪੰਥ ਜਿਸ ਤੇ ਧਰਮ ਕੋ ਨਿਵਾਸ ਹੋਇ ।

*End :–*

ਇਸ ਪ੍ਰਾਨੀ ਕਉ ਚਾਹੀਐ ਜੋ ਕੁਛ ਗੁਰੂ ਨੇ ਫੁਰਮਾਇਆ ਹੋਵੈ ਤਿਸ ਨੂੰ ਆਪਣੀ ਮਤਿ ਬਿਖੈ ਪਿਆਰ ਕਰਿ ਰਖੇ । ਅਰੁ ਬੀਚਾਰ ਕਿਸੀ ਬਾਤ ਕਾ ਨ ਕਰੈ । ਉਸ ਕੀ ਉਹੀ ਜਾਨਹਿ । ਇਸ ਕਾ ਇਸੀ ਮੈਂ ਭਲਾ ਹੈ ।

ਧਿਆਉ ਸ੍ਰੀ ਪ੍ਰੇਮ ਸੁਮਾਰਗੁ ਗਿਰੰਥੁ ਮ: ੧੦ ਸੰਪੂਰਨ ।

This manuscript copy also contains only the first chapter.

S. No. 152

## S.H.R. : 1579 C

*Title* : Tankhāh Nāmāh

*Author* : Bhāi Nand Lāl *Size* : 17 × 12 C.M.

*No. of Folios* : 366 a–370 a=5 *Lines per Page* : 11 *Letters per Line* : 25

Complete.

*Beginning :–*

੧ ਓ ਸਤਿਗੁਰ ਪ੍ਰਸਾਦਿ ॥
ਅਥ ਤਨਿਖਾਹਿ ਨਾਮਾ–ਪ੍ਰਸਨ ਭਾਈ ਨੰਦੁ ਲਾਲ ਕਾ—ਬਾਕ ਗੁਰੂ ਗੋਬਿੰਦ ਸਿੰਘ ਜੀ ਕਾ ।
ਦੋਹਰਾ
ਪ੍ਰਸਨ ਕੀਆ ਨੰਦ ਲਾਲ ਜੀ ਗੁਰੂ ਬਤਾਈਐ ਮੋਹਿ ।
ਕਉਨ ਕਰਮ ਇਨ ਜੋਗ ਹੈ ਕਉਨ ਕਰਮ ਇਨ ਸੋਹਿ । ੧ ॥
ਗੋਬਿੰਦ ਵਾਚ ਦੋਹਰਾ
ਨੰਦੁ ਲਾਲ ਤੁਮ ਬਚਨੁ ਸੁਨ ਸਿਖ ਕਰਮ ਹੈ ਇਹੁ
ਨਾਮ ਦਾਨ ਇਸਨਾਨ ਬਿਨ ਕਰੈਂ ਨ ਇਨ ਬਿਧ ਨੇਹਿ ॥ ੨ ॥

*End :–*

ਦੋਹਰਾ
ਰਾਜ ਕਰੇਗਾ ਖਾਲਸਾ ਯਾਕੀ ਰਹੇ ਨ ਕੋਇ ।
ਖੁਆਰਿ ਹੋਇ ਸਭਿ ਮਿਲੈਗੇ ਬਚੇ ਸਰਨਿ ਜੋ ਹੋਇ ॥
ਇਤ ਤਨਿਖਾਹਿ ਨਾਮਾ ਮੁਖੁ ਵਾਕਿ ਪਾਤਿਸ਼ਾਹੀ ਦਸਿ ਸੁਣੇ ਪੜੇ ਮੋਖੁ ਮੁਕਤਿ ਕੋ ਪਾਵੈਂ । ਬੋਲਹੁ ਵਾਹਿਗੁਰੂ ਜੀ ਕੀ ਫਤੇ ਹੈ ।



Sri Satguru Jagjit Singh Ji eLibrary NamdhariElibrary@gmail.com

Tankhāh Nāmāh is a collection of rules pertaining to various punishments to be inflicted for breach of conduct.

This manuscript copy contains Sikh penal code by Bhāi Nand Lāl who claims to have written it after discussion with Gūrū Gobind Singh.

S. No. 153

## S.H.R. : 1442 D

*Title :* Tankhāh Nāmāh Bhāi Nand Lāl

*Author :* Bhāi Nand Lāl Ji *Size :* 15 × 11 C.M.

*No. of Folios :* 17–24=8 *Lines per Page :* 9 *Letters per Line :* 16

*Beginning :–*

੧ ੴ ਸਤਿਗੁਰ ਪ੍ਰਸਾਦਿ ॥

ਤਨਖਾਹ ਨਾਮਾ—ਪ੍ਰਸਨ ਕਰਨਾ ਭਾਈ ਨੰਦ ਲਾਲ ਕਾ । ਵਾਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ ।

ਦੋਹਰਾ

ਪ੍ਰਸਨ ਕੀਆ ਨੰਦ ਲਾਲ ਜੀ ਗੁਰੂ ਬਤਾਈਐ ਮੋਹਿ ।
ਕਵਨ ਕਰਮ ਇਨ ਜੋਗੁ ਹੈ ਕਵਨ ਕਰਮ ਨਹੀ ਸੋਹਿ ।

*End :–*

ਦੋਹਰਾ

ਰਾਜ ਕਰੇਗਾ ਖਾਲਸਾ ਯਾਕੀ ਰਹੈ ਨ ਕੋਇ ।
ਖੁਆਰੁ ਹੋਇ ਸਭ ਮਿਲੈਗੀ ਬਚੈ ਸਰਨ ਜੋ ਹੋਇ ਂ ੧ ।
ਇਤ ਨਸੀਹਤ (ਤਨਖਾਹ) ਨਾਮਾ ਸੰਪੂਰਨੰ । ੧ ।

S. No 154

## S.H.R. : 2300 E

*Title :* Tankhāh Nāmāh

*Author :* Bhāi Prehlād Singh *Size :* 35 × 22 C.M.

*No. of Folios :* 377–378=2 *Lines per Page :* 15 *Letters per Line :* 40

*Condition :* Old, at places pages worm-eaten, written in beautiful hand in marginal lines. Incomplete.

*Names of the parts with Pages :* Contained in S.H.R. 2300 folios continued from 377 to 378 = 2.

*Beginning :—*

੧ ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫਤੇ । ਹੁਕਮ ਹੋਆ ਸ੍ਰੀ ਮੁਖਵਾਕ ਪਾਤਿਸਾਹੀ । ੧੦ ।
ਦਲਾ । ਲਾਲ ਦਰਿਆਈ ਕੇ ਪਰਥਾਇ ਬੋਲਣਾ ਹੋਆ ।



Sri Satguru Jagjit Singh Ji eLibrary NamdhariElibrary@gmail.com

ਦੋਹਰਾ

ਅਬਚਲ ਨਗਰ ਬੈਠੇ ਗੁਰੂ ਮਨ ਮਹਿ ਕੀਆ ਬੀਚਾਰ।
ਬੋਲਿਆ ਪੂਰਾ ਸਤਿਗੁਰੂ ਮੂਰਤ ਸ੍ਰੀ ਕਰਤਾਰ। ੧।
ਹੁਕਮ ਹੋਆ ਪ੍ਰਹਿਲਾਦਿ ਸਿੰਘ ਜੀ ਬਿਪੁ ਜਾਹਿ ਸਰਾਇ।
ਨਿਕਟ ਬੁਲਾਇਆ ਗੁਰੂ ਜੀ ਲੀਤਾ ਕੰਠਿ ਲਗਾਇ। ੨।

*End :—*

ਕਰੇ ਅਟਲ ਪੁਰਖ ਕੀ ਆਸਾ। ਜਨਮ ਮਰਨ ਕਟ ਡਾਰੈ ਫਾਸਾ। ੩੧।
ਸਤ ਅਕਾਲ ਸ੍ਰੀ ਵਾਹਿਗੁਰੂ ਪਰਮ ਬੀਜ ਏਹੁ ਮੰਤ੍ਰ।
ਸਰਬ ਜਾਪੁ ਕੋ ਜਾਪੁ ਏਹੁ ਕਹਿਓ ਆਦਿ ਅਰੁ ਅੰਤੁ। ੩੨।
ਸੰਪੂਰਨੰ। ਸਮਾਪਤੰ। ਤਨਖਾਹਿ ਨਾਮਾ।

This manuscript copy contains the Sikh penal code written by Bhāi Prehlād Singh who claims to have written it after instructions from Gūrū Gobind Singh.

# 4—Persian Transliteration in Gurmukhi (Zafar Namah & Works of Bhai Nand Lal)

S. No. 155 **S.H.R. : 1456 C**

*Title* : Rūbāyāt

*Author* : Bhāi Nand Lāl *Size* : 10 × 8 C.M.

*No. of Folios* : 5 *Lines per Page* : 9 *Letters per Line* : 20

*Condition* :: Old, written in beautiful hand, within marginal lines. Complete.

*Beginning :—*

ਗਜ਼ਲਾਂ। ਰੁਬਾਈਯਾਤ।

ਹਰ ਕਸ ਕਿ ਜਿ ਸਉਕ ਤੋ ਕਦਮ ਅਜਲ ਸਰ ਸਾਖਤ।
ਬਰਨੁਹ ਤਬਕੇ ਚਰਖ ਅਲੰਬਰ ਅਫਰਾਖਤ। ੧।

*End :—*

ਰੁਬਾਈ

ਗੋਯਾ ਖਬਰ ਅਜ਼ ਯਾਦਿ ਖੁਦਾ ਯਾਫਤਹਿਅਮ।
ਈਆਂ ਬਲ ਬਾ ਲਬ ਅਜ ਕੁਜਾ ਯਾਫਤਹਿਅਮ।
ਜੁਜ਼ ਤਾਲਬ ਹਕ ਨਸੀਬ ਹਰ ਕਸ ਨ ਬੂਦ।
ਕਾ ਦੌਲਤ ਨਾਯਾਬ ਕਿ ਮਾ ਯਾਫਤਹਿਅਮ।



Sri Satguru Jagjit Singh Ji eLibrary NamdhariElibrary@gmail.com

This manuscript contains Persian verses (Rubāyāt) transliterated in Gurmukhi characters. The author is Bhāi Nand Lāl who was a great Persian poet and remained with Gūrū Gobind Singh for a number of years. He had also served Prince Muazam (Bahādur Shāh). He has written *Ghazals*, *Zindgi Nāmāh*, vide S.H.R. 1456 B, and is said to have written Dewān-i-Goyā. Goyā was his pen-name.

These beautiful verses relate to the love of God.

S. No. 156

## S.H.R. : 2218

*Title :* Zafar Nāmāh

*Author :* Gūrū Gobind Singh Ji *Size :* 18·× 15 C.M.

*No. of Folios :* 92 *Lines per Page :* 9 *Letters per Line :* 17

*Date of Transcription :* 1861 A.D.

*Condition :* Old, worm-eaten throughout, written in beautiful hand within beautiful marginal lines. Complete.

*Beginning :–*

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਅਸਚਰਜ ਅੰਧੇਰਾ ਪ੍ਰਕਾਸ ।

ਹੁਕਮ ਸਤਿ । ਜਫਰ ਨਾਮਹ ਸ੍ਰੀ ਮੁਖਬਾਕ ਪਾਤਸਾਹੀ ੧੦

ਫਤੇ ਕਾ ਖਤ ਹੈ

ਕਮਾਲੇ ਕਰਾਮਾਤ ਕਾਯਮ ਕਦੀਮ । ਰਜ਼ਾ ਬਖਸ਼ੁ ਰਾਜ਼ਕ ਰਹਾ ਕੋ ਰਹੀਮ । ੧ ।

ਬਡਾ ਸੰਪੂਰਨ ਹੈ ਇਸਥਿਤ ਕ੍ਰਿਪਾ ਰਿਜਕ ਖਲਾਸੀ ਦਯਾ

ਅਮਾਂ ਬਖਸ਼ ਬਖਸਿੰਦ ਓ ਦਸਤਗੀਰ । ਰਜ਼ਾ ਬਖਸ ਰੋਜੀ ਦਿਹੋ ਦਿਲ ਪਜੀਰ । ੨ ।

ਈਮਾਨ ਪਕੜਨ ਵਾਲਾ ਹੈ ਦਿਲ ਕੀ ਬੁਝਣੇ ਵਾਲਾ

*End :—*

ਬਿਦਿਹ ਸਾਕੀਆ ਸਾਗਰੇ ਸਬਜ ਗੂੰ । ਕਿ ਮਾਰਾ ਬਕਾਰਸਤ ਜੰਗ ਅੰਦਰੂੰ । ੨੦ ।

ਦੇਹ ਮੇਰੇ ਤਾਂਈ ਐ ਸੁਖਈ ਪਯਾਲਾ ਸਬਜ ਰੰਗ ਕਾ । ਜੋ ਮੇਰੇ ਤਾਂਈ ਦਰਕਾਰ ਹੈ ਜੁਧ ਕੇ ਅੰਦਰ ।

ਲਬਾ ਲਬ ਬਕੁਨ ਦਮ ਬਦਮ ਨੋਸ਼ ਕੁਨ । ਗ਼ਮੇ ਹਰ ਦੁਆਲਮ ਫਰਾਮੋਸ ਕੁਨ ।੨੧।੧੨।੮੬੭।

ਪੂਰਨ ਕਰ ਸ੍ਵਾਸ ਸ੍ਵਾਸ ਪੀਣਾ ਕਰਾਂ ਗਮ ਦੋਨੋ ਜਹਾਨੋ ਕਾ ਭੁਲਾਵਣਾ ਕਰਾਂ ।

ਸੰਮਤ ਬਸ ਬਿਧੁ ਨਾਥ ਸਸਿ ਵਸਾਖ ਕ੍ਰਿਸਨ ਡਿਰੀਆਲ ।

ਮਹੀਣ ਦੇਸ ਗਢ ਮਧ ਲਿਖੀ ਕਾਲਾ ਹਰ ਗੁਰ ਖਯਾਲ । ੧ ।

ਸ੍ਰੀ ਗੁਰੂ ਜੀ ਸਹਾਇ ।

Zafar Nāmāh is a combination of two Persian words, which means "Letter of Victory". Gūrū Gobind Singh wrote this letter to Aurangzeb after 1704 A.D. Its first part entitled *Dasitan*, contains the actual text of Guru's



Sri Satguru Jagjit Singh Ji eLibrary NamdhariElibrary@gmail.com

letter. *Dasitan* consists of 115 Persian couplets in this ms.

*Dasitan* is followed by twelve *Hikāyāt*, Stories in verses which appear to have no relations with the letter. It is certain that the two must have been compiled at two different occasions. Bhāi Mani Singh who subsequently collected the works of Gūrū Gobind Singh put all the Persian verses of the Gūrū together. This was essential for their preservation. Zafar Nāmāh forms epilogue of the *Dasam Granth*.

This manuscript contains Persian verses beautifully written in Gūrmūkhi and the Punjābi meanings of the text are given below every line.

Vide also *Catalogue of Persian and Sankrit Manuscripts* published by the Sikh History Research Department, page 52–53.

It has also been published.

S- No. 157

## S.H.R. : 1540

*Title :* Zafar Nāmāh

*Author :* Gūrū Gobind Singh *Size :* 20 × 14 C.M.

*No. of Folios :* 86 *Lines per Page :* 17 *Letters per Line :* 20

*Condition :* Old, written in beautiful hand, headings given in red. 1st folio missing. 73 to 86 folios worm-eaten. Incomplete.

*Beginning :—*

ਬਦਿਯਾਰਸਤ ਆਜਮ ਅਜੀਮ ।
ਕਿ ਹੁਸਨੁਲ ਜਮਾਲ ਅਸਤ ਰਾਜਕ ਰਹੀਮ ॥

ਟੀਕਾ—ਜੋ ਸਾਹਿਬ ਹੈ ਹਰਿ ਵਲਾਇਤ ਦਾ । ਵੱਡੇ ਥੀ ਵੱਡਾ ਹੈ । ਰੂਪ ਸੁੰਦਰ ਹੈ । ਰਿਜਕ ਦੇ ਦੇਵਣ ਵਾਲਾ ਹੈ । ਦੈਇਆ ਦੇ ਕਰਨ ਵਾਲਾ ਹੈ ।

*End :–*

ਜੋ ਸਿਖ ਪੜੈ ਵਿਚਾਰੈਗਾ ਉਸ ਦੀ ਭਵਨੀ ਪੂਰੀ ਹੋਇਗੀ । ਜਾਫ਼ ਨਾਮਾ ਬੰਡੇ ਜੰਗ ਵਿਚ ਫਤੇ ਪਾਏ । ਜਿਵੇ ਔਰੰਗਾ ਮਾਰ ਕੇ ਗੁਰਾ ਫਤੇ ਪਾਈ ਤਿਵੇ ਪਾਠ ਕਰਨ ਵਾਲੇ ਕੀ ਜੰਗ ਵਿਚ ਫਤੇ ਹੋਇਗੀ ।

ਬੋਲ ਵਾਹਿਗੁਰੂ ਜੀ ਕੀ ਫਤੇ । ਹਿਕਾਯਤਾ ਸਪੂਰਨੰ ।

This is the incomplete copy, the first page is missing. Punjābi meanings of the Persian text are given after every couplet.

S. No. 158

## S.H.R. : 1456 A

*Title :* Zafar Nāmāh Patshāhi Dasvin

*Author :* Gūrū Gobind Singh Ji *Size :* 10 × 8 C.M.

*No. of Folios :* 91 *Lines per Page :* 8 *Letters per Line :* 17

*Condition :* Old, written in very beautiful hand within marginal lines. Complete.



Sri Satguru Jagjit Singh Ji eLibrary NamdhariElibrary@gmail.com

*Beginning :–*

੧ ੴ ਹੁਕਮ ਸਤ।

ਸ੍ਰੀ ਵਾਹੁਗੁਰੂ ਜੀ ਕੀ ਫਤਹ। ਜ਼ਫਰ ਨਾਮਹ ਸ੍ਰੀ ਮੁਖ ਬਾਕ ਪਾਤਸ਼ਾਹੀ ੧੦।

ਕਮਾਲੇ ਕਰਾਮਾਤ ਕਾਯਮ ਕਰੀਮ।
ਰਜ਼ਾ ਬਖਸ਼ ਰਾਜਕ ਰਹਾ ਕੋ ਰਹੀਮ। ੧।
ਅਮਾਂ ਬਖਸ਼ੁ ਬਖਸ਼ਿੰਦ ਓ ਦਸਤਗੀਰ।
ਰਜ਼ਾ ਬਖਸ਼ੁ ਰੋਜੀ ਦਿਹੋ ਦਿਲ ਪਜੀਰ ॥ ੨ ॥

*End :–*

ਬਿਦਿਹ ਸਾਕੀਆ ਸਾਗਰੇ ਸਬਜਗੂੰ।
